# ਅਮਰਨਾਮਾ

## ਫ਼ਾਰਸੀ ਮੂਲ, ਪੰਜਾਬੀ ਉਤਾਰਾ ਤੇ ਅਰਥ

ਸੰਪਾਦਕ

ਗੰਡਾ ਸਿੰਘ

ਐਮ. ਏ., ਪੀ-ਐਚ. ਡੀ.

ਡਾਇਰੈਕਟਰ ਔਫ਼ ਆਰਕਾਈਵਜ਼ ਪਟਿਆਲਾ

1860

ਸਿੱਖ ਹਿਸਟਰੀ ਸੋਸਾਇਟੀ

੧੯੭੫ ਪਟਿਆਲਾ

Sri Satguru Jagjit Singh Ji eLibrary NamdhariElibrary@gmail.com

## ਸਿੱਖ ਹਿਸਟਰੀ ਸੋਸਾਇਟੀ ਦੀਆਂ ਹੋਰ ਪੁਸਤਕਾਂ

| | | |
|---|---|---|
| ੧. | ਮਖ਼ਜ਼ਿਨ ਤਵਾਰੀਖ਼ ਸਿੱਖਾਂ (ਫ਼ਾਰਸੀ) | ੧—੭੫ |
| ੨. | ਅਵਰਾਕਿ ਪਰੀਸ਼ਾਨਿ ਤਵਾਰੀਖ਼ਿ ਪੰਜਾਬ (ਫ਼ਾਰਸੀ) | ੦—੭੫ |
| ੩. | ਮੁਖ਼ਤਿਸਰ ਨਾਨਕ-ਸ਼ਾਹੀ ਜੰਤਰੀ (ਉਰਦੂ) | ੧—੧੫ |
| ੪. | ਸਿੱਖ ਇਤਿਹਾਸਕ ਯਾਦਗਾਰਾਂ (ਪੰਜਾਬੀ) | ੦—੭੫ |
| ੫. | ਸ਼ਾਹ–ਨਾਮਾ–ਇ–ਰਣਜੀਤ ਸਿਘ, ਮੌਲਵੀ ਅਹਿਮਦ ਯਾਰ ਕਿਰਤ (ਫ਼ਾਰਸੀ) | ੨—੦੦ |
| ੬. | ਸ: ਕਰਮ ਸਿੰਘ ਜੀ ਇਤਿਹਾਸਕ ਖੋਜ | ੧੫—੦੦ |
| ੭. | ਅਕਾਲੀ ਲਹਿਰ ਦਾ ਇਤਿਹਾਸ | ੧੦—੦੦ |
| 8. | Struggle for Reform in Sikh Shrines | 7—00 |
| 9. | Some confidetial papers of Akali Movement | 12—00 |
| ੧੦. | ਸ਼ਬਦ ਮੂਰਤਿ | ੧—੨੫ |
| ੧੧. | ਅਫ਼ਗਾਨਿਸਤਾਨ ਵਿਚ ਇਕ ਮਹੀਨਾ | ੧—੭੫ |
| ੧੨. | ਸ੍ਰੀ ਗੁਰ ਸੋਭਾ | ੩—੫੦ |
| ੧੩. | ਗਦਰ ਪਾਰਟੀ ਅਤੇ ਭਾਰਤ ਦਾ ਕੌਮੀ ਅੰਦੋਲਨ | ੭—੦੦ |
| ੧੪. | ਹਰੀ ਸਿੰਘ ਨਲੂਆ | ੩—੫੦ |


**ਸਿੱਖ ਹਿਸਟਰੀ ਸੋਸਾਇਟ**

ਹਾਲ ਨੰਬਰ ੪, ਗੁਰੂ ਰਾਮਦਾਸ ਨਿਵਾਸ, ਅੰ



1860



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਅਮਰਨਾਮਾ

## ਫ਼ਾਰਸੀ ਮੂਲ, ਪੰਜਾਬੀ ਉਤਾਰਾ ਤੇ ਅਰਥ

ਸੰਪਾਦਕ

ਗੰਡਾ ਸਿੰਘ

ਐਮ. ਏ., ਪੀ, ਐਚ. ਡੀ.

ਡਾਇਰੈਕਟਰ ਔਫ਼ ਆਰਕਾਈਵਜ਼ ਪਟਿਆਲਾ

ਸਿੱਖ ਹਿਸਟਰੀ ਸੋਸਾਇਟੀ

ਅੰਮ੍ਰਿਤਸਰ ੧੯੭੫ ਪਟਿਆਲਾ

ਮੁਲ ਇਕ ਰੁਪਿਆ ਪੰਝੀ ਪੈਸੇ ੧)੨੫

Sri Satguru Jagjit Singh Ji eLibrary NamdhariElibrary@gmail.com

# ਲੇਖ ਸੂਚੀ

ਆਰੰਭਕ ਵਿਚਾਰ

ਅਮਰਨਾਮੇ ਦੀ ਪ੍ਰਾਪਤੀ ੩

ਅਮਰਨਾਮੇ ਦਾ ਕਰਤਾ ੪

ਰਚਨਾ ਦੀ ਤਾਰੀਖ ੬

ਇਤਿਹਾਸਕ ਪੜਚੋਲ ੯

ਸਾਹਿਬ-ਜ਼ਾਦਿਆਂ ਦੀ ਸ਼ਹਾਦਤ ੧੦

ਬਰਾਹਮਣੀ ਕਿਰਿਆ ਕਰਮ ਦੀ ਨਿਖੇਧੀ ੧੩

ਅਮਰਨਾਮੇ ਦੀ ਸਾਹਿਤਕ ਪੜਚੋਲ ੧੬

ਅਮਰਨਾਮਾ—ਅਰਥਾਂ ਸਹਿਤ ੧੮

ਅਰਥਾਵਲੀ ੪੦

ਅਮਰਨਾਮਾ—ਮੂਲ ਫ਼ਾਰਸੀ ੪੩

Sri Satguru Jagjit Singh Ji eLibrary NamdhariElibrary@gmail.com

# ਆਰੰਭਕ ਵਿਚਾਰ

## ਅਮਰਨਾਮੇ ਦੀ ਪ੍ਰਾਪਤੀ–

'ਅਮਰਨਾਮਾ' ਨਾਮੀ ਇਹ ਫ਼ਾਰਸੀ ਲਿਖਤ ਸੰਨ ੧੯੪੯ ਈਸਵੀ ਵਿਚ ਗਿਆਨੀ ਗੁਰਦਿੱਤ ਸਿੰਘ ਐਡੀਟਰ 'ਪ੍ਰਕਾਸ਼' ਪਟਿਆਲਾ ਨੂੰ ਪਟਿਆਲਾ ਯੂਨੀਅਨ ਦੇ ਵੱਡੇ ਵਜ਼ੀਰ ਸਰਦਾਰ ਗਿਆਨ ਸਿੰਘ ਜੀ ਰਾੜੇਵਾਲਾ ਦੇ ਮੋਟਰ ਡਰਾਈਵਰ ਦੇ ਪਿਤਾ ਭਾਈ ਫੱਤਾ ਪਾਸੋਂ ਮਿਲੀ ਸੀ। ਭਾਈ ਫੱਤੇ ਨੇ ਆਪਣਾ ਖ਼ਾਨਦਾਨ ਭਾਈ ਮਰਦਾਨੇ ਨਾਲ ਮਿਲਦਾ ਦੱਸਿਆ ਤੇ ਆਪਣਾ ਕੁਰਸੀਨਾਮਾ ਗੁਰੂ ਹਰਿਗੋਬਿੰਦ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਪ੍ਰਸਿੱਧ ਢਾਡੀ ਨੱਥ ਮੱਲ ਨਾਲ ਇਸ ਤਰ੍ਹਾਂ ਜੋੜਿਆ :—

ਭਾਈ ਨੱਥ ਮੱਲ<br>
ਭਾਈ ਹੁੱਲੜ<br>
ਭਾਈ ਗਾਹੀਆ (ਮਾਹੀਆ)<br>
ਭਾਈ ਲੱਖ ਦਰਿਆ<br>
ਭਾਈ ਜਸ ਦਰਿਆ<br>
ਭਾਈ ਖ਼ਜ਼ਾਨਾ<br>
ਭਾਈ ਪਸ਼ੌਰਾ<br>
ਭਾਈ ਵਲੈਤ<br>
ਭਾਈ ਫੱਤਾ

ਭਾਈ ਫੱਤੇ ਦੇ ਕਹਿਣ ਅਨੁਸਾਰ ਭਾਈ ਅਬਦੁਲ ਤੇ ਨੱਥ ਮੱਲ ਦੋਵੇਂ ਮਾਸੀ ਦੇ ਪੁਤ ਭਰਾ ਸਨ। ਭਾਈ ਨੱਥ ਮੱਲ ਗੁਰੂ ਹਰਿਗੋਬਿੰਦ ਦੇ ਸਮੇਂ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਕ ਜੀਊਂਦਾ ਰਿਹਾ ਹੈ। ਇਹ ਗੁਰੂ ਜੀ ਦੇ ਦੱਖਣ ਦੇ ਸਫਰ ਵੇਲੇ ਨਾਲ ਸੀ ਤੇ ਉਨ੍ਹਾਂ ਦੇ ਜੋਤੀ ਜੋਤ ਸਮਾਉਣ ਸਮੇਂ ਨੰਦੇੜ ਮੌਜੂਦ ਸੀ ਤੇ ਉਥੋਂ ਇਹ ਅਮਰਨਾਮਾ ਲਿਆਇਆ ਸੀ। ਇਸ ਗੱਲ ਦੀ ਗਵਾਹੀ ਇਸ ਲਿਖਤ ਵਿਚ ਮੌਜੂਦ ਹੈ। ੧੩੯ਵੇਂ ਤੇ ੧੪੫ਵੇਂ ਬੰਦ ਵਿਚ ਲਿਖਿਆ ਹੈ ਕਿ :—

ਬ-ਮਾ ਹਸਤ ਢਾਡੀ ਇ ਨਥ ਮਲ ਮੁਦਾਮ...।੧੩੯।<br>
ਬ-ਢਾਡੀ ਅਮਰਨਾਮਾ ਕਰਦਮ ਅਤਾ ।੧੪੫।

ਅਰਥਾਤ, ਨਥ ਮਲ ਢਾਡੀ ਸਦਾ ਸਾਡੇ ਨਾਲ ਹੈ।...ਅਮਰਨਾਮਾ ਅਸਾਂ ਢਾਡੀ ਨੂੰ ਬਖ਼ਸ਼ਿਆ ਹੈ।

Sri Satguru Jagjit Singh Ji eLibrary NamdhariElibrary@gmail.com

ਗਿਆਨੀ ਗੁਰਦਿੱਤ ਸਿੰਘ ਦਾ ਖਿਆਲ ਹੈ ਕਿ ਭਾਈ ਫੱਤੇ ਵਾਲੀ ਅਮਰਨਾਮ ਦੀ ਲਿਖਤ ਪਹਿਲੀ ਲਿਖਤ ਨਹੀਂ ਸੀ। ਹੋ ਸਕਦਾ ਹੈ ਕਿ ਪਹਿਲੀ ਲਿਖਤ ਫ਼ਾਰਸੀ ਅੱਖਰਾਂ ਵਿਚ ਹੋਵੇ ਤੇ ਇਹ ਉਸ ਦਾ ਗੁਰਮੁਖੀ ਵਿਚ ਉਤਾਰਾ ਹੋਵੇ ਜਾਂ ਪਹਿਲੀ ਗੁਰਮੁਖੀ ਵਿਚ ਹੀ ਹੋਵੇ ਤੇ ਇਹ.ਉਸ ਤੋਂ ਕੀਤੀਆਂ ਹੋਈਆਂ ਬਾਦ ਦੀਆਂ ਨਕਲਾਂ ਵਿਚੋਂ ਇਕ ਹੋਵੇ। ਗਿਆਨੀ ਜੀ ਪਾਸ ਜੋ ਨਕਲ ਹੈ ਉਹ ਭਾਈ ਫੱਤੇ ਦੀ ਪੋਥੀ ਤੋਂ ਸ: ਗਿਆਨ ਸਿੰਘ ਜੀ ਦੇ ਕਹਿਣ ਤੇ ਗਿਆਨੀ ਗੁਰਦਿੱਤ ਸਿੰਘ 'ਗਰੀਬ' ਦੀ ਕੀਤੀ ਹੋਈ ਹੈ। ਇਸ ਉਤਾਰੇ ਤੋਂ ੨੦ ਮੱਘਰ ਸੰਮਤ ੨੦੦੬ ਮੁਤਾਬਕ ੧੧ ਦਸੰਬਰ ੧੯੪੯ ਨੂੰ ਮੈਂ ਆਪ ਇਸ ਨੂੰ ਫ਼ਾਰਸੀ ਅੱਖਰਾਂ ਵਿਚ ਉਲਟਾਇਆ। ਗੁਰਮੁਖੀ ਅੱਖਰਾਂ ਵਿਚ ਬਿਨਾ ਪਦ-ਛੇਦ ਲਿਖੇ ਹੋਣ ਅਤੇ ਦੋ ਤਿੰਨ ਹੱਥੀਂ ਨਕਲ ਹੋਣ ਵੇਲੇ ਕੁਝ ਕੁ ਗਲਤੀਆਂ ਹੋ ਜਾਣ ਦੇ ਕਾਰਣ ਕਈ ਥਾਂਈਂ ਫ਼ਾਰਸੀ ਲਿਖਤ ਠੀਕ ਨਹੀਂ ਸੀ ਬਣਦੀ ਤੇ ਅਰਥ ਸਾਫ਼ ਨਹੀਂ ਸੀ ਹੁੰਦੇ, ਇਸ ਲਈ ਇਸ ਨੂੰ ਮੈਂ ਕਈ ਵਾਰੀ ਮੁੜ ਮੁੜ ਪੜ੍ਹਿਆ, ਕਈ ਤੁਕਾਂ ਤੇ ਸ਼ਬਦਾਂ ਨੂੰ ਮੁੜ ਗੁਰਮੁਖੀ ਵਿਚ ਲਿਖ ਕੇ ਭੁਲੇਖੇ ਵਾਲੇ ਸ਼ਬਦਾਂ ਦੇ ਅਗਲੇ-ਪਿਛਲੇ ਅੱਖਰਾਂ ਨੂੰ ਪਿਛਲੇ-ਅਗਲੇ ਸ਼ਬਦਾਂ ਦੇ ਅੱਖਰਾਂ ਨਾਲ ਮਿਲਾ ਕੇ ਠੀਕ ਕਰਨ ਦਾ ਯਤਨ ਕੀਤਾ ਅਤੇ ਫਿਰ ਇਸ ਦੇ ਪੰਜਾਬੀ ਵਿਚ ਅਰਥ ਕੀਤੇ। ਇਸ ਕੰਮ ਵਿਚ ਫ਼ਾਰਸੀ ਦੇ ਪਰਸਿੱਧ ਵਿਦਵਾਨਾਂ ਪ੍ਰੋਫ਼ੈਸਰ ਪ੍ਰੀਤਮ ਸਿੰਘ ਐਮ. ਏ. ਤੇ ਪ੍ਰੋਫ਼ੈਸਰ ਗੁਲਵੰਤ ਸਿੰਘ ਐਮ. ਏ., ਪਟਿਆਲਾ, ਤੇ ਪ੍ਰੋਫ਼ੈਸਰ ਦੀਵਾਨ ਸਿੰਘ ਐਮ, ਏ. ਅੰਮ੍ਰਿਤਸਰ ਨੇ ਕਈ ਕਈ ਘੰਟੇ ਵਿਚਾਰ ਕਰ ਕੇ ਇਸ ਦੀਆਂ ਗੁੰਝਲਾਂ ਖੋਲ੍ਹਣ ਵਿਚ ਮੇਰੀ ਸਹਾਇਤਾ ਕੀਤੀ ਹੈ ਜਿਸ ਲਈ ਮੈਂ ਇਨ੍ਹਾਂ ਦਾ ਅਤੀ ਧੰਨਵਾਦੀ ਹਾਂ।

## ਅਮਰਨਾਮੇ ਦਾ ਕਰਤਾ—

ਅਮਰਨਾਮੇ ਦੀ ਇਸ ਲਿਖਤ ਦੇ ਆਰੰਭ ਵਿਚ ਇਸ ਦਾ ਸਿਰਲਖ ਇਉਂ ਲਿਖਿਆ ਹੋਇਆ ਹੈ :—

'ਅਥ ਅਮਰਨਾਮਾ ਤਟ ਗੋਦਾਵਰੀ ਸ੍ਰੀ ਮੁਖਵਾਕ ਪਾਤਸ਼ਾਹੀ ੧੦'

ਅਤੇ ਅੰਤ ਵਿਚ ਸਮਾਪਤੀ ਦੇ ਸ਼ਬਦ ਇਹ ਹਨ :—

'ਇਤਿ ਸ੍ਰੀ ਅਮਰਨਾਮਾ ਮੁਖਵਾਕ ਪਾਤਸ਼ਾਹੀ ਦਸਮ ਹੁਕਮਸਤ ਸੰਪੂਰਣੰ।
ਸਾਲ ੧੭੬੫ ਮਾਹ ਕਤਕ ਜਮਾ ਦਰਜ ਕੀਤਾ ਗੁਰ ਸੋਭਾ ਮੇ ॥'

ਇਨ੍ਹਾਂ ਤੋਂ ਓਪਰਾ ਓਪਰਾ ਅੰਦਾਜ਼ਾ ਤਾਂ ਇਹ ਹੀ ਲੱਗੇਗਾ ਕਿ ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਰਚਨਾ ਹੈ। ਇਸ ਦੇ ਹੱਕ ਵਿਚ ਸ਼ਾਇਦ ਕੁਝ ਐਸੇ ਬੰਦ ਨੰਬਰ ੭, ੧੧, ੧੪, ੧੬-੭, ੨੦, ੨੩, ੨੫, ੨੭-੯, ੫੧, ੫੩-੪, ੫੬ ੬੨-੪, ੬੬, ਆਦਿ ਭੀ ਪੇਸ਼ ਕੀਤੇ ਜਾਣ ਜਿਨ੍ਹਾਂ ਵਿਚ 'ਮੈਂ' 'ਮੇਰੇ' ਸ਼ਬਦ ਆਉਂਦੇ ਹਨ, ਪਰ ਜੇ ਇਸ ਲਿਖਤ ਦੇ ਉਨ੍ਹਾਂ ਬੰਦਾਂ ਨੂੰ ਵੇਖੀਏ ਜਿਨ੍ਹਾਂ ਵਿਚ 'ਗੁਰ', 'ਗੁਰੂ', 'ਸਤਿਗੁਰੂ' ਸ਼ਬਦ ਆਉਂਦੇ ਹਨ ਤਾਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਇਹ ਲਿਖਤ ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਨਹੀਂ ਹੈ, ਬਲਕਿ ਕਿਸੇ ਢਾਡੀ ਨੇ ਲਿਖ ਕੇ ਆਮ ਸੰਗਤਾਂ ਵਿਚ ਇਸ ਦਾ ਮੁੱਲ

Sri Satguru Jagjit Singh Ji eLibrary NamdhariElibrary@gmail.com

ਵਧਾਉਣ ਲਈ 'ਸ੍ਰੀ ਮੁਖ ਪਾਤਸ਼ਾਹੀ ੧੦' ਉਸੇ ਤਰ੍ਹਾਂ ਹੀ ਲਿਖ ਦਿਤਾ ਹੈ ਜਿਵੇਂ ਕਿ 'ਪ੍ਰੇਮ ਸੁਮਾਰਗ ਗ੍ਰੰਥ' ਆਦਿ ਦੇ ਆਰੰਭ ਵਿਚ 'ਪਾਤਸ਼ਾਹੀ ੧੦' ਲਿਖਿਆ ਹੋਇਆ ਹੈ। ਇਸ ਗੱਲ ਦੀ ਪੁਸ਼ਟੀ ਹੇਠ ਲਿਖੇ ਬੰਦਾਂ ਤੋਂ ਪੂਰੀ ਤਰ੍ਹਾਂ ਹੋ ਜਾਂਦੀ ਹੈ :—

ਲਬੇ ਗੋਦਰੀ ਗੁਰ ਬ-ਜ਼ਦ ਖ਼ੈਮਾ ਖ਼ੂਲ।
ਬਜਾਏ ਕਿ ਆਸੂਦਾ ਅਹਿਲੇ ਕਬੂਲ ॥੨॥

ਗੁਦਾਵਰੀ ਦੇ ਕੰਢੇ ਤੇ ਗੁਰੂ ਸਾਹਿਬ ਨੇ ਇਕ ਐਸੀ ਥਾਂ ਸ਼ਾਨਦਾਰ ਤੰਬੂ ਖੈਮੇ ਲਗਾ ਦਿੱਤੇ ਜਿੱਥੇ ਕਿ ਦਰਗਾਹੇ ਪਰਵਾਣ ਹੋਇਆਂ ਦੀਆਂ ਕਬਰਾਂ ਸਨ।

ਬਸਾ ਕਰਦ ਤੁਰਕਾਨ ਸ਼ੋਰੋ ਫ਼ੁਗਾਂ।
ਜ਼-ਸਤਗੁਰ ਸ਼ੁਦਾ ਖ਼ਰਕਿ ਆਦਤ ਇਯਾਂ ॥੩॥

ਮੁਸਲਮਾਨਾਂ ਨੇ ਬਹੁਤ ਸ਼ੋਰ ਸ਼ਰਾਬਾ ਕੀਤਾ ਤੇ ਸਤਿਗੁਰ ਨੇ ਆਪਣੀ ਚਮਤਕਾਰੀ ਕਰਾਮਾਤ ਵਿਖਾਈ।

ਬ-ਦੂ ਗੁਫਤ ਬੀਰਾਂ ਕਿ ਅਫ਼ਸੁਰਦਾ ਏਮ।
ਜ਼ ਸਤਗੁਰ ਬ-ਦੁਸ਼ਵਾਰ ਜਾਂ ਬੁਰਦਾ ਏਮ ॥੩੧॥

ਬੀਰਾਂ ਨੇ ਉਸ ਨੂੰ ਆਖਿਆ ਕਿ ਅਸੀਂ ਭੱਜ ਟੁੱਟ ਗਏ ਹਾਂ ਤੇ ਸਤਿਗੁਰ ਤੋਂ ਬੜੀ ਮੁਸ਼ਕਲ ਨਾਲ ਜਾਨ ਬਚਾਈ ਹੈ।

ਸ਼ਹਨਸ਼ਹ ਜਵਾਹਰ ਪਏ ਨਜ਼ਰ ਦਾਦ।
ਗੁਹਰ ਬਰ ਕਫ਼ੇ ਦਸਤਿ ਸਤਗੁਰ ਨਿਹਾਦ ॥੪੫॥

ਸ਼ਹਿਨਸ਼ਾਹ ਨੇ ਹੀਰੇ ਭੇਟ ਕੀਤੇ ਤੇ ਇਕ ਮੋਤੀ ਸਤਿਗੁਰ ਦੇ ਹੱਥ ਦੀ ਤਲੀ ਤੇ ਧਰਿਆ।

ਗੁਹਰ ਗੁਰ ਬ-ਦਰਯਾ ਬ-ਪਰਦਾਖ਼ਤਾ।
ਸ਼ਹਨਸ਼ਹ ਅਜ਼ੀਂ ਹੈਰਤੇ ਸਾਖ਼ਤਾ ॥੪੬॥

ਗੁਰੂ ਨੇ ਮੋਤੀ ਦਰਿਆ ਵਿਚ ਸੁੱਟ ਦਿੱਤਾ। ਸ਼ਹਿਨਸ਼ਾਹ ਇਸ ਤੋਂ ਹੈਰਾਨ ਹੋ ਗਿਆ।

ਬ-ਫ਼ਰਮੂਦ ਸਤਗੁਰ ਬ-ਸੁਲਤਾਂ ਸੁਖ਼ਨ।
ਗੁਹਰ ਨਜ਼ਰ ਮੀਖ਼ਾਸਤ ਦਰਯਾ ਜ਼-ਮਨ ॥੪੭॥

ਸਤਿਗੁਰ ਨੇ ਬਾਦਸ਼ਾਹ ਨੂੰ ਇਉਂ ਫ਼ਰਮਾਇਆ, ਦਰਿਆ ਮੇਰੇ ਕੋਲੋਂ ਮੋਤੀ ਦੀ ਭੇਟ ਮੰਗਦਾ ਸੀ।

ਸ਼ਹਨਸ਼ਹ ਕਰਾਮਾਤਿ ਸਤਗੁਰ ਸ਼ੁਨੀਦ।
ਸ਼ੁਦਾ ਦਸਤ ਬਸ਼ਤਾ ਬਾ-ਇਜਜ਼ੇ ਮਜ਼ੀਦ ॥੪੮॥

ਸ਼ਹਿਨਸ਼ਾਹ ਨੇ ਸਤਿਗੁਰ ਦੀ ਵਡਿਆਈ ਸੁਣੀ। ਉਸ ਨੇ ਬੜੀ ਅਧੀਨਗੀ ਨਾਲ ਹੱਥ ਜੋੜੇ।

Sri Satguru Jagjit Singh Ji eLibrary NamdhariElibrary@gmail.com

ਚੁ ਸਤਗੁਰ ਨ ਦੀਦਾ ਨਿਗਾਹੇ ਬਦਸ਼ ।
ਨਿਸ਼ਾਂਦਾ ਜ਼ਿ-ਅਲਤਾਫ਼ ਬਰ-ਮਸਨਦਸ਼ ॥੪੯॥

ਸਤਿਗੁਰੂ ਨੇ ਚੂੰਕਿ ਉਸ ਦੀ ਅੱਖ ਮੈਲੀ ਨਾ ਦੇਖੀ, ਕ੍ਰਿਪਾ ਕਰ ਕੇ ਉਸ ਨੂੰ ਤਖ਼ਤ ਤੇ ਬਿਠਾ ਲਿਆ ।

ਜੇ ਇਹ ਲਿਖਤ ਗੁਰੂ ਜੀ ਦੀ ਆਪਣੀ ਹੁੰਦੀ ਤਾਂ ਉਹ ਇਹ ਬੰਦ ਇਸ ਤਰ੍ਹਾਂ ਕਦੀ ਭੀ ਨਾ ਲਿਖਦੇ । ਟਾਕਰੇ ਲਈ ਗੁਰੂ ਗੋਬਿੰਦ ਸਿੰਘ ਜੀ ਦਾ ਆਪਣਾ ਲਿਖਿਆ ਹੋਇਆ 'ਜ਼ਫ਼ਰਨਾਮਾ' ਸਾਡੇ ਪਾਸ ਮੌਜੂਦ ਹੈ, ਜਿਸ ਵਿਚ ਇਕ ਬੰਦ ਭੀ ਐਸਾ ਨਹੀਂ ਹੈ ਜਿਸ ਦਾ ਲਿਖਣ-ਢੰਗ ਇਨ੍ਹਾਂ ਬੰਦਾਂ ਨਾਲ ਮਿਲਦਾ ਹੋਵੇ ।

ਇਸ ਤੋਂ ਬਿਨਾ 'ਜ਼ਫ਼ਰਨਾਮੇ' ਦੀ ਬੋਲੀ ਭੀ 'ਅਮਰਨਾਮੇ' ਦੀ ਬੋਲੀ ਨਾਲੋਂ ਵੱਖਰੀ ਹੈ ਜੋ ਇਸ ਗੱਲ ਦੀ ਇਕ ਹੋਰ ਦਲੀਲ ਹੈ ਕਿ ਇਹ ਅਮਰਨਾਮਾ ਗੁਰੂ ਗੋਬਿੰਦ ਸਿੰਘ ਦੀ ਰਚਨਾ ਨਹੀਂ ਹੈ ।

ਅਮਰਨਾਮੇ ਦੇ ਨੰਬਰ ੬੨-੫, ੭੩, ੧੨੯-੩੦, ੧੩੫, ੧੩੭-੯ ਤੇ ੧੪੫-੬ ਬੰਦਾਂ ਵਿਚ ਜਿਸ ਢੰਗ ਨਾਲ ਢਾਡੀਆਂ ਦੀ ਉਸਤਤ ਕੀਤੀ ਹੋਈ ਹੈ ਅਤੇ ਉਨ੍ਹਾਂ ਦੀ ਲੋੜ ਨੂੰ ਦ੍ਰਿੜਾਇਆ ਹੋਇਆ ਹੈ ਉਸ ਤੋਂ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਇਹ ਰਚਨਾ ਢਾਡੀ ਨੱਥ ਮੱਲ ਜਾਂ ਉਸ ਦੇ ਪੁਤਰ ਪੋਤਰੇ ਦੀ ਰਚੀ ਹੋਈ ਹੈ । ਬੋਲੀ ਤੋਂ ਭੀ ਇਹ ਹੀ ਅਨੁਮਾਨ ਲਗਦਾ ਹੈ ਕਿ ਫ਼ਾਰਸੀ ਅਤੇ ਕਵਿਤਾ ਕਿਸੇ ਆਲਮ ਦੀ ਨਹੀਂ, ਸਾਧਾਰਣ ਤੁਕ-ਬੰਦ ਦੀ ਹੈ । ਮਾਲੂਮ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਦੱਖਣ ਜਾਣ ਵੇਲੇ ਨੱਥ ਮੱਲ ਢਾਡੀ ਤੇ ਉਸ ਦਾ ਪੁਤਰ ਦੋਵੇਂ ਓਥੇ ਮੌਜੂਦ ਸਨ ਤੇ ਨਿਤਾ-ਪਰਤੀ ਲੌਢੇ ਵੇਲੇ ਵਾਰਾ ਲਾਉਂਦੇ ਤੇ ਸੰਗਤਾਂ ਨੂੰ ਨਿਹਾਲ ਕਰਦੇ ਸਨ । ਜੋ ਵਾਕੇ ਅਮਰਨਾਮੇ ਵਿਚ ਦਰਜ ਹਨ ਉਨ੍ਹਾਂ ਦੀ ਤਫ਼ਸੀਲ ਤੋਂ ਪ੍ਰਤੀਤ ਹੁੰਦਾ ਹੈ ਕਿ ਇਹ ਉਨ੍ਹਾਂ ਦੇ ਸਾਹਮਣੇ ਹੋਏ ਹੋਣੇ ਹਨ ਤੇ ਉਨ੍ਹਾਂ ਨੇ ਓਥੇ ਹੀ ਜੋੜ ਲਏ । ਪਰ ਦੱਖਣ ਵਿਚ ਉਸ ਵੇਲੇ ਰਾਜਸੀ ਬੋਲੀ ਚੂੰਕਿ ਫ਼ਾਰਸੀ ਸੀ ਤੇ ਲੋਕਾਂ ਦੀ ਰੁਚੀ ਭੀ ਬਹੁਤ ਫ਼ਾਰਸੀ ਵਲ ਹੀ ਸੀ ਇਸ ਲਈ ਉਨ੍ਹਾਂ ਨੇ ਭੀ ਫਾਰਜ਼ੀ ਬੋਲੀ ਹੀ ਵਰਤੀ ਜੋ ਢਾਡੀਆਂ ਦੀ ਲਿਆਕਤ ਅਨੁਸਾਰ ਕੁਦਰਤੀ ਤੌਰ ਤੇ ਜ਼ਰਾ ਹਲਕੀ ਹੀ ਹੋਣੀ ਸੀ ।

## ਰਚਨਾ ਦੀ ਤਾਰੀਖ਼-

ਅਮਰਨਾਮੇ ਦੇ ਅੰਤ ਵਿਚ 'ਸਾਲ ੧੭੬੫ ਮਾਹ ਕਤਕ ਜਮਾ ਦਰਜ ਕੀਤਾ ਗੁਰ ਸੋਭਾ ਮੇਂ' ਲਿਖਿਆ ਹੋਇਆ ਹੈ ਜਿਸ ਤੋਂ ਖਿਆਲ ਪੈਂਦਾ ਹੈ ਕਿ ਇਹ ਮਹੀਨਾ ਕੱਤਕ ਸੰਮਤ ੧੭੬੫ ਬਿਕਰਮੀ ਵਿਚ ਰਚੀ ਗਈ ਹੈ । ਇਹ ਸਾਲ ਤੇ ਮਹੀਨਾ ਗੁਰੂ ਗੋਬਿੰਦ ਸਿੰਘ ਜੀ ਦੇ ਨੰਦੇੜ (ਦੱਖਣ) ਵਿਚ ਜੋਤੀ ਜੋਤ ਸਮਾਉਣ ਦਾ ਹੈ । ਆਪ ਕੱਤਕ ਸੁਦੀ ੫ ਮੁਤਾਬਕ ੬ ਕੱਤਕ ਸੰਮਤ ੧੭੬੫ ਬਿ, ੭ ਅਕਤੂਬਰ ਸੰਨ ੧੭੦੮ ਈਸਵੀ ਨੂੰ ਸਮਾਏ ਸਨ । ਇਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਅਮਰਨਾਮਾ ਉਨ੍ਹਾਂ ਦੇ ਜੋਤੀ ਜੋਤ ਸਮਾਉਣ ਤੋਂ ਕੁਝ ਦਿਨਾਂ ਦੇ ਅੰਦਰ ਹੀ ਲਿਖਿਆ ਗਿਆ ਸੀ ।

Sri Satguru Jagjit Singh Ji eLibrary NamdhariElibrary@gmail.com

ਹਾਂ ਇਕ ਗੱਲ ਜ਼ਰਾ ਕੁ ਸ਼ੱਕ ਪਾਉਂਦੀ ਹੈ ਕਿ ਜੇ ਇਹ ਲਿਖਤ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੇ ਇਤਨੇ ਨਜ਼ਦੀਕ ਦੀ ਹੁੰਦੀ ਤਾਂ ਇਸ ਵਿਚ ਇਸ ਮਹਾਨ ਘਟਨਾ ਅਤੇ ਇਸ ਦੇ ਨਾਲ ਸੰਬੰਧਤ ਗੱਲਾਂ ਦਾ ਜ਼ਿਕਰ ਬੜਾ ਖੁਲ੍ਹਵਾਂ ਹੋਣਾ ਚਾਹੀਦਾ ਸੀ ਪਰ ਏਥੇ ਬੰਦ ਨੰਬਰ ੬੨-੩ ਵਿਚ ਕੇਵਲ ਇਤਨਾ ਇਸ਼ਾਰਾ ਹੀ ਹੈ ਕਿ :—.

ਮਰਾ ਅਜ਼ਮ ਸ਼ੁਦ ਸੂਏ ਦਾਰੁਲ-ਬਕਾ ।
ਫ਼ਿਜ਼ਾਏ ਸਲਾਮਤ ਬਦਾਰਦ ਖ਼ੁਦਾ ॥੬੨॥
ਬਮਾਨੰਦ ਸਿੰਘਾਨਿ-ਮਨ ਬਰਕਰਾਰ ।
ਸਮਾਇਤ ਨੁਮਾਇੰਦ ਅਜ਼ ਢਾਡੀ ਵਾਰ ॥੬੩॥

ਅਰਥਾਤ,

ਮੇਰਾ ਇਰਾਦਾ ਸਦੀਵ ਰਹਿਣ ਵਾਲੀ ਥਾਂ (ਪ੍ਰਭ-ਲੋਕ) ਨੂੰ ਜਾਣ ਦਾ ਹੋ ਗਿਆ ਜਿਥੇ ਕਿ ਵਾਹਿਗੁਰੂ ਵਲੋਂ ਸਲਾਮਤੀ ਦਾ ਨਿਵਾਸ ਹੈ ॥੬੨॥ ਮੇਰੇ ਸਿੰਘ ਅਡੋਲ-ਚਿੱਤ ਰਹਿਣਗੇ ਤੇ ਢਾਡੀ ਤੋਂ ਵਾਰਾਂ ਸੁਣਦੇ ਰਹਿਣਗੇ ॥ ੬੩ ॥

ਲਿਖਤ ਦੇ ਅੰਤ ਵਿਚ 'ਪਾਤਸ਼ਾਹੀ ਦਸਮ' ਤੋਂ ਬਾਦ ਅਤੇ 'ਸੰਪੂਰਣੰ' ਤੋਂ ਪਹਿਲਾ ਸ਼ਬਦ 'ਹੁਕਮ ਸਤ' ਹਨ ਜੋ ਸਿੱਖ ਸਾਹਿੱਤ ਵਿਚ ਚਲਾਣਾ ਕਰਨ ਦੇ ਅਰਥਾਂ ਵਿਚ ਆਉਂਦੇ ਹਨ । ਫ਼ਾਰਸੀ ਵਿਚ ਇਨ੍ਹਾਂ ਅਰਥਾਂ ਵਿਚ ਲਫ਼ਜ਼ 'ਮਰਹੂਮ' ਵਰਤਿਆ ਜਾਂਦਾ ਹੈ । ਹੋ ਸਕਦਾ ਹੈ 'ਹੁਕਮ ਸਤ' ਲਿਖਾਰੀਆਂ ਪਾਸੋਂ ਭੁਲ ਨਾਲ 'ਸੁਭਮਸਤ' ਦੀ ਥਾਂ ਲਿਖਿਆ ਗਿਆ ਹੋਵੇ । ਪਿਛਲੇ ਤਿੰਨ ਅਖਰ 'ਮ ਸ ਤ' ਸਾਂਝੇ ਹਨ । 'ਭ' ਦਾ ਥੱਲਾ ਜੇ ਜ਼ਰਾ ਕੁ ਭੀ ਭੁਰਿਆ ਹੋਇਆ ਹੋਵੇ ਤਾਂ 'ਕ' ਪੜ੍ਹਿਆ ਜਾਂਦਾ ਹੈ । ਬਾਕੀ ਰਿਹਾ ਪਹਿਲਾ 'ਸੁ' । ਇਸ ਸਬੰਧੀ ਭੀ ਕੋਈ ਨਾ ਕੋਈ ਗ਼ਲਤੀ ਲੱਗ ਸਕਦੀ ਹੈ । ਪਰ ਇਹ ਸਭ ਕਿਆਸ ਹੀ ਹਨ, ਅਸਲੀ ਗੱਲ ਕੀ ਹੈ ਕੁਝ ਨਹੀ ਕਿਹਾ ਜਾ ਸਕਦਾ ।

ਪਰ ਇਕ ਗੱਲ ਇਹ ਭੀ ਹੈ ਕਿ ਵਾਰਾਂ ਚੂੰਕਿ ਲੋਕਾਂ ਨੂੰ ਹੁਲਾਰਾ ਦੇਣ ਤੇ ਉਨ੍ਹਾਂ ਦੇ ਮਨਾਂ ਨੂੰ ਉਤਸਾਹਤ ਜਾਂ ਕਿਸੇ ਖ਼ਾਸ ਪਾਸੇ ਪ੍ਰੇਰਨ ਲਈ ਰਚੀਆਂ ਜਾਂਦੀਆਂ ਸਨ, ਇਸ ਲਈ ਉਨ੍ਹਾਂ ਵਿਚ ਲੜਾਈ ਦੇ ਮੈਦਾਨ ਵਿਚ ਹੋਈਆਂ ਮੌਤਾਂ ਤੋਂ ਬਿਨਾਂ ਦੂਸਰੀਆਂ ਦਾ ਵੇਰਵੇ ਸਹਿਤ ਬਿਆਨ ਨਹੀਂ ਸੀ ਕੀਤਾ ਜਾਂਦਾ । ਇਸ ਲਈ ਹੋ ਸਕਦਾ ਹੈ ਕਿ ਇਨ੍ਹਾਂ ਨੇ ਇਸ ਦਾ ਜ਼ਿਕਰ ਜਾਣ ਕੇ ਹੀ ਨਾ ਕੀਤਾ ਹੋਵੇ । ਆਖ਼ਰ ਓਹ ਢਾਡੀ ਸਨ, ਇਤਿਹਾਸਕਾਰ ਨਹੀਂ ।

ਲਿਖਤ ਦੇ ਅੰਤ ਵਿਚ ਦਿੱਤੀ ਤਾਰੀਖ਼ ਬਿਨਾ ਕਿਸੇ ਅਕੱਟ ਸਬੂਤ ਦੇ ਰੱਦ ਨਹੀਂ ਕੀਤੀ ਜਾ ਸਕਦੀ । ਜਿਸ ਢਾਡੀ ਨੱਥ ਮੱਲ ਦਾ ਜ਼ਿਕਰ 'ਅਮਰਨਾਮੇ' ਵਿਚ ਆਉਂਦਾ ਹੈ ਉਸ ਸਬੰਧੀ ਉਸ ਦੇ ਖ਼ਾਨਦਾਨ ਵਿਚ ਇਹ ਗੱਲ ਪਰੰਪਰਾ ਤੋਂ ਚਲੀ ਆਉਂਦੀ ਹੈ (ਜਿਵੇਂ ਕਿ ਭਾਈ ਫੱਤੇ ਨੇ ਗਿਆਨੀ ਗੁਰਦਿੱਤ ਸਿੰਘ ਨੂੰ ਦੱਸਿਆ ਸੀ) ਕਿ ਨੱਥ ਮੱਲ ਗੁਰੂ ਹਰਿਗੋਬਿੰਦ ਦੇ ਸਮੇਂ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਕ ਜੀਉਂਦਾ ਰਿਹਾ ਹੈ । ਇਹ ਗੱਲ ਕੋਈ ਅਣਹੋਣੀ ਭੀ ਨਹੀਂ । ਦੋਹਾਂ ਗੁਰੂ ਸਾਹਿਬਾਂ ਦੇ ਜੋਤੀ ਜੋਤ ਸਮਾਉਣ

Sri Satguru Jagjit Singh Ji eLibrary NamdhariElibrary@gmail.com

ਵਿਚ ੬੪ ਸਾਲ ਦਾ ਫ਼ਰਕ ਹੈ। ਜੇ ਗੁਰੂ ਹਰਿਗੋਬਿੰਦ ਜੀ ਦੇ ਆਖ਼ਰੀ ਦਿਨੀਂ ਉਹ ੧੮–੨੦ ਬਰਸ ਦਾ ਹੋਵੇ ਜਿਸ ਉਮਰੇ ਕਿ ਢਾਡੀ ਚੰਗੀਆਂ ਵਾਰਾਂ ਰਚ ਲੈਂਦੇ ਹਨ ਤਾਂ ਨੰਦੇੜ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਵੇਲੇ ਉਸ ਦੀ ਉਮਰ ੮੨-੮੪ ਸਾਲ ਦੀ ਹੋਵੇਗੀ ਜੋ ਕ਼ੋਈ ਇਤਨੀ ਬਹੁਤੀ ਨਹੀਂ ਕਿ ਮੰਨੀ ਨਾ ਜਾ ਸਕੇ।

ਇਕ ਸ਼ੱਕ ਜੋ ਲਿਖਤ ਦੇ ਅੰਤਲੇ ਇਨ੍ਹਾਂ ਸ਼ਬਦਾਂ ਤੋਂ ਪੈ ਸਕਦਾ ਹੈ ਕਿ ਜਮਾ 'ਦਰਜ ਕੀਤਾ ਗੁਰ ਸੋਭਾ ਮੇ', ਉਹ ਇਹ ਹੈ ਕਿ ਅਮਰਨਾਮਾ ਕਵੀ ਸੈਨਾਪਤਿ ਦੀ ਲਿਖੀ ਸ੍ਰੀ ਗੁਰ ਸੋਭਾ ਤੋਂ ਬਾਦ ਦਾ ਲਿਖਿਆ ਹੋਇਆ ਹੈ ਤਾਂ ਹੀ ਉਹ ਇਸ ਦੇ ਨਾਲ ਇਸ ਦੇ ਪਿਛੇ (ਜਿਵੇਂ ਕਿ ਭਾਈ ਫੱਤੇ ਵਲੋਂ ਗਿਆਨੀ ਗੁਰਦਿੱਤ ਸਿੰਘ ਨੂੰ ਮਿਲੀ ਪੋਥੀ ਵਿਚ ਸੀ) 'ਜਮਾਂ ਦਰਜ ਕੀਤਾ' ਹੋ ਸਕਦਾ ਹੈ।

ਇਹ ਗੱਲ ਠੀਕ ਹੈ ਕਿ 'ਸ੍ਰੀ ਗੁਰੂ ਸੋਭਾ' ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਦ ਦੀ ਲਿਖਤ ਹੈ ਕਿਉਂਕਿ ਇਸ ਗੱਲ ਦਾ ਜ਼ਿਕਰ ਉਸ ਵਿਚ ਵਿਸਥਾਰ ਨਾਲ ਦਿੱਤਾ ਹੋਇਆ ਹੈ। ਪਰ 'ਸ੍ਰੀ ਗੁਰੂ ਸੋਭਾ' ਗ੍ਰੰਥਿ ਕਵਿ ਸੈਨਾਪਤਿ ਨੇ ਲਿਖ ਕੇ ਰਚਿਆ ਹੈ। ਦੂਸਰੇ ਪਾਸੇ ਪੁਰਾਣੇ ਢਾਡੀ ਲੋਕ ਵਾਰਾਂ ਲਿਖ ਕੇ ਨਹੀਂ ਸਨ ਰਚਿਆ ਕਰਦੇ, ਉਹ ਪਰ੍ਹਿਆਂ ਜਾਂ ਦੀਵਾਨਾਂ ਵਿਚ ਖਲੋ ਕੇ ਗਾਉਂਦੇ ਸਨ ਤੇ ਆਮ ਤੌਰ ਤੇ ਨਾਲੋ ਨਾਲ ਰਚਦੇ ਤੇ ਜੋੜਦੇ ਜਾਂਦੇ ਸਨ। ਅਜ ਕਲ ਭੀ ਮਾਲਵੇ ਵਿਚ (–ਸ਼ਾਇਦ ਹੋਰ ਥਾਈਂ ਭੀ ਹੋਣਗੇ–) ਕਈ ਕਵੀਸ਼ਰ ਤੇ ਗਵੰਤਰੀ ਇਸੇ ਤਰ੍ਹਾਂ ਕਰਦੇ ਹਨ, ਅਤੇ ਢਾਡੀਆਂ ਦਾ ਚੇਤਾ ਇਤਨਾ ਅੱਛਾ ਹੁੰਦਾ ਹੈ ਕਿ ਉਨ੍ਹਾਂ ਨੂੰ ਇਹ ਰਚਨਾਵਾਂ ਭੁਲਦੀਆਂ ਨਹੀਂ। ਜੇ ਭਲਾ ਕਿਧਰਿਓਂ ਮਾੜਾ ਮੋਟਾ ਉੱਕ ਭੀ ਜਾਣ ਤਾਂ ਉਸੇ ਵੇਲੇ ਹੋਰ ਵਾਧਾ ਘਾਟਾ ਕਰ ਕੇ ਵਾਰ ਨੂੰ ਇਸ ਤਰ੍ਹਾਂ ਪੂਰਾ ਕਰ ਲੈਂਦੇ ਹਨ ਕਿ ਸੁਣਨ ਵਾਲਿਆਂ ਨੂੰ ਪਤਾ ਹੀ ਨਹੀਂ ਲਗਦਾ।

ਪੁਰਾਣੇ ਜ਼ਮਾਨੇ ਵਿਚ ਢਾਡੀ ਆਮ ਕਰ ਕੇ ਡੂਮ ਮਰਾਸੀ ਤੇ ਭੱਟ ਹੀ ਹੁੰਦੇ ਸਨ ਜੋ ਬਹੁਤੇ ਪੜ੍ਹੇ ਲਿਖੇ ਨਹੀਂ ਸਨ ਹੁੰਦੇ। ਵਾਰਾਂ ਜੋੜਨਾ ਉਨ੍ਹਾਂ ਦਾਂ ਪਿਤਾ-ਪੁਰਖੀ ਕੰਮ ਤੇ ਜਮਾਂਦਰੂ ਕਿੱਤਾ ਸੀ। ਜਿੱਥੇ ਕਿਤੇ ਕੋਈ ਮਨ ਨੂੰ ਛੋਹ ਟੁੰਬ ਜਾਣ ਵਾਲੀ ਗੱਲ ਦੇਖੀ ਸੁਣੀ, ਉਥੇ ਹੀ ਵਾਰ ਰਚ ਦਿੱਤੀ ਜਾਂ ਸਰੰਗੀ ਦੀਆਂ ਤਾਰਾਂ ਛੇੜੀਆਂ ਤੇ ਲੱਗ ਪਏ ਗਾਉਣ। ਲਿਖਤ ਵਿਚ ਲਿਆਉਣ ਦੀ ਉਹ ਲੋੜ ਹੀ ਨਹੀਂ ਸੀ ਸਮਝਦੇ। ਜਦ ਵੇਲੇ ਸਿਰ ਵਾਰ ਨੇ ਆਪ-ਮੁਹਾਰੇ ਤੁਰ ਪੈਣਾ ਹੈ ਤੇ ਰੋਕ ਕੋਈ ਨਹੀਂ ਪੈਣੀ, ਨਾ ਮਜ਼ਮੂਨ ਲਈ ਕੋਈ ਓਪਰੀ ਸੋਚ ਕਰਨੀ ਹੈ, ਨਾ ਸ਼ਬਦਾਂ ਦਾ ਘਾਟਾ ਹੋਣਾ ਹੈ, ਫਿਰ ਲਿਖਣਾ ਕਿਸ ਲਈ।

ਢਾਡੀ ਨੇ ਕਿਸੇ ਘਟਨਾ ਤੋਂ ਹਲੂਣਾ ਆਉਣ ਤੇ ਵਾਰ ਲਾਉਣੀ ਆਰੰਭ ਦਿੱਤੀ ਤੇ ਸੁਣਨ ਵਾਲੇ ਜਜਮਾਨਾਂ ਨੇ ਖ਼ੁਸ਼ ਹੋ ਕੇ ਕੁਝ ਇਨਾਮ ਦੇ ਦਿੱਤਾ ਜਾਂ ਜੰਗ ਦੇ ਮੈਦਾਨ ਵਿਚ ਵਧ ਚੜ੍ਹ ਕੇ ਜਾ ਮੱਲਾਂ ਮਾਰੀਆਂ। ਢਾਡੀ ਦਾ ਕੰਮ ਇਤਨੇ ਨਾਲ ਹੀ ਸਰ ਜਾਂਦਾਂ ਸੀ। ਉਹ ਨਾ ਇਸ ਨੂੰ ਸਾਹਿੱਤ ਸਮਝਦਾ ਸੀ, ਨਾ ਸਾਹਿੱਤ ਲਈ ਰਚਦਾ ਤੇ ਨਾ ਹੀ ਇਸ ਨੂੰ ਲਿਖ ਕੇ ਸੰਭਾਲਦਾ ਸੀ। ਇਸ ਦਾ ਦੁਖਦਾਈ ਨਤੀਜਾ ਇਹ ਹੋਇਆ ਕਿ ਭਾਵੇਂ ਇਸ ਤਰ੍ਹਾਂ ਅਨੇਕਾਂ ਹੀ ਵਾਰਾਂ ਰਚੀਆਂ ਤੇ ਲਾਈਆਂ ਗਈਆਂ ਪਰ ਓਹ ਢਾਡੀ ਦੇ ਆਪਣੇ ਚਲਾਣੇ ਦੇ ਛੇਤੀ

Sri Satguru Jagjit Singh Ji eLibrary NamdhariElibrary@gmail.com

ਹੀ ਮਗਰੋਂ ਜਾਂ ਇਕ ਦੋ ਪੀੜ੍ਹੀਆਂ ਪਿਛੋਂ ਸਦਾ ਲਈ ਅਣਹੋਈਆਂ ਹੋ ਗਈਆਂ। ਹੋਰ ਤਾਂ ਕੀ ਖ਼ੁਦ ਨੱਥ ਮੱਲ ਦੀਆਂ ਗੁਰੂ ਹਰਿਗੋਬਿੰਦ ਦੇ ਚੌਹਾਂ ਜੰਗਾਂ ਦੀਆਂ ਵਾਰਾਂ ਭੀ ਇਸੇ ਤਰ੍ਹਾਂ ਕੁਝ ਸਮਾਂ ਉਸ ਦੇ ਖ਼ਾਨਦਾਨ ਦੇ ਬੰਦਿਆਂ ਨੂੰ ਯਾਦ ਰਹਿ ਕੇ ਮਿਟ ਗਈਆਂ। ਇਹ ਬਹੁਤ ਹੀ ਘਟ ਹੋਇਆ ਹੈ ਕਿ ਪੁਰਾਤਨ ਢਾਡੀਆਂ ਦੀਆਂ ਵਾਰਾਂ ਕਿਸੇ ਪਾਰਖੂ ਲਿਖਾਰੀ ਨੇ ਉਨ੍ਹਾਂ ਤੋਂ ਸੁਣ ਕੇ ਲਿਖ ਲਈਆਂ ਹੋਣ। ਸੁਰਗਵਾਸੀ ਸਰਦਾਰ ਕਰਮ ਸਿੰਘ ਜੀ ਹਿਸਟੋਰੀਅਨ ਨੇ ਆਪਣੇ ਤਜਰਬੇ ਦੇ ਆਧਾਰ ਤੇ ਇਕ ਥਾਂ ਲਿਖਿਆ ਹੈ ਕਿ ਢਾਡੀਆਂ ਵਿਚ ਸਭ ਤੋਂ ਬੜਾ ਘਾਟਾ ਇਹ ਸੀ ਕਿ ਜਦ ਕਦੀ ਕੋਈ ਪੜ੍ਹਿਆ ਲਿਖਿਆ ਇਨ੍ਹਾਂ ਨੂੰ ਆਪਣੀ ਰਚਨਾ ਲਿਖਾ ਦੇਣ ਲਈ ਕਹਿੰਦਾ ਤਾਂ ਇਹ ਇਕ ਇਕ ਬੰਦ ਦੇ ਜਾਂ ਸਮੁੱਚੀ ਵਾਰ ਦੇ ਇਤਨੇ ਬਹੁਤੇ ਪੈਸੇ ਮੰਗਦੇ ਕਿ ਲਿਖਣ ਵਾਲਾ ਦੇਣ ਦੇ ਅਸਮਰਥ ਹੁੰਦਾ। ਇਸ਼ ਤਰ੍ਹਾਂ ਹੀ ਇਹ ਅਮਰਨਾਮਾਂ ਭੀ ਜੇ ਕਿਸੇ ਨੇ ਨਾ ਲਿਖ ਲਿਆ ਹੁੰਦਾ ਤਾਂ ਮਿਟ ਗਿਆ ਹੁੰਦਾ ਅਤੇ ਜੇ ਚੰਗੇ ਭਾਗਾਂ ਨੂੰ ਗਿਆਨੀ ਗੁਰਦਿੱਤ ਸਿੰਘ ਦੇ ਹੱਥ ਨਾ ਆ ਜਾਂਦਾ ਤਾਂ ਉਸੇ ਤਰ੍ਹਾਂ ਹੀ ਗੁਮ ਹੋ ਜਾਂਦਾ ਜਿਵੇਂ ਕਿ ੧੯੪੭ ਤੋਂ ਬਾਅਦ ਭਾਈ ਫੱਤੇ ਤੇ ਉਸ ਦੇ ਖ਼ਾਨਦਾਨ ਦਾ ਹੁਣ ਕੋਈ ਪਤਾ ਨਹੀਂ ਲਗਦਾ।

ਇਸ ਸਾਰੀ ਬਹਿਸ ਤੋਂ ਮਤਲਬ ਇਹ ਹੈ ਕਿ ਢਾਡੀਆਂ ਦੀਆਂ ਸਾਰੀਆਂ ਰਚਨਾਂ ਪਹਿਲਾਂ ਰਚਨ ਵੇਲੇ ਹੀ ਲਿਖਤ ਵਿਚ ਨਹੀਂ ਸਨ ਆਇਆ ਕਰਦੀਆਂ। ਇਹ ਤਾਂ ਮੂੰਹ ਜ਼ਬਾਨੀ ਰਚੀਆਂ ਜਾਂਦੀਆਂ ਸਨ ਤੇ ਪਿੱਛੋਂ ਕਦੇ ਕਿਸੇ ਲਿਖਾਰੀ ਨੂੰ ਜੇ ਭਾ ਗਈਆਂ ਤਾਂ ਉਸ ਨੇ ਲਿਖ ਲਈਆਂ। ਆਪ ਢਾਡੀ ਲਿਖ ਕੇ ਨਹੀਂ ਸਨ ਰਚਿਆ ਤੇ ਰੱਖਿਆ ਕਰਦੇ। ਇਸ ਲਈ 'ਸ੍ਰੀ ਗੁਰ ਸੋਭਾ' ਦੇ ਅੰਤ ਵਿਚ 'ਜਮਾ ਦਰਜ ਕੀਤਾ' ਦੇ ਸੋਲਾਂ ਆਨੇ ਇਹ ਅਰਥ ਨਹੀਂ ਲਏ ਜਾ ਸਕਦੇ ਕਿ ਇਸ ਦੀ ਰਚਨਾ 'ਸ੍ਰੀ ਗੁਰੂ ਸੋਭਾ' ਤੋਂ ਬਾਦ ਹੋਈ ਹੈ, ਬਲਕਿ ਕੇਵਲ ਇਹ ਕਿ ਰਚਨਾ ਤਾਂ ਪਹਿਲਾਂ ਦੀ ਹੋ ਸਕਦੀ ਹੈ, ਪਰ 'ਸ੍ਰੀ ਗੁਰੂ ਸੋਭਾ' ਦੀ ਉਸ ਪੋਥੀ ਵਿਚ ਪਿੱਛੇ ਦਰਜ ਉਸ ਤੋਂ ਬਾਦ ਹੋਈ ਹੈ। ਇਸ ਨਾਲ ਇਸ ਦੇ ਰਚਨ ਦੇ ਸਾਲ ਮਹੀਨੇ ਉਤੇ ਕੋਈ ਅਸਰ ਨਹੀਂ ਪੈਂਦਾ ਅਤੇ ਨਾ ਫਰਕ ਆਉਂਦਾ ਹੈ। ਇਸ ਲਈ ਇਹ ਮੰਨ ਲੈਣ ਵਿਚ ਸੰਕੋਚ ਦੀ ਕੋਈ ਗੁੰਜਾਇਸ਼ ਨਹੀਂ ਕਿ ਇਹ 'ਅਮਰਨਾਮਾ' ਅੰਤ ਵਿਚ ਦਿੱਤੇ 'ਸਾਲ ੧੭੬੫ ਮਾਹ ਕੱਤਕ' ਵਿਚ ਰਚਿਆ ਗਿਆ ਸੀ।

ਇਥੇ ਇਹ ਭੀ ਦੱਸ ਦੇਣਾ ਜ਼ਰੂਰੀ ਹੈ ਕਿ 'ਸ੍ਰੀ ਗੁਰੂ ਸੋਭਾ' ਦੀਆਂ ਸਾਰੀਆਂ ਲਿਖਤੀ ਪੋਥੀਆਂ ਦੇ ਪਿੱਛੇ 'ਅਮਰਨਾਮਾ' ਜਮਾ ਦਰਜ ਨਹੀਂ ਕੀਤਾ ਹੋਇਆ, ਕੇਵਲ ਭਾਈ ਫੱਤੇ ਵਾਲੀ ਪੋਥੀ ਵਿਚ ਹੀ ਹੈ। ਅਕਾਲੀ ਕੌਰ ਸਿੰਘ ਵਲੋਂ ਪ੍ਰਕਾਸ਼ਤ 'ਸ੍ਰੀ ਗੁਰੂ ਸੋਭਾ' ਦੇ ਪਿੱਛੇ ਇਹ ਨਹੀਂ ਸੀ ਅਤੇ ਨਾ ਹੀ ਉਨ੍ਹਾਂ ਜਾਂ ਕਿਸੇ ਹੋਰ ਨੇ ਇਸ ਦਾ ਕਿਧਰੇ ਕੋਈ ਜ਼ਿਕਰ ਹੀ ਕੀਤਾ ਹੈ।

## *ਇਤਿਹਾਸਕ ਪੜਚੋਲ—*

'ਅਮਰਨਾਮਾ' ਕੇਵਲ ਇਸ ਕਰਕੇ ਹੀ ਇਤਿਹਾਸਕ ਮਹਾਨਤਾ ਵਾਲੀ ਲਿਖਤ

Sri Satguru Jagjit Singh Ji eLibrary NamdhariElibrary@gmail.com

ਨਹੀਂ ਹੈ ਕਿ ਇਹ ਸ੍ਰੀ ਗੁਰੂ ਗੋਇੰਦ ਸਿੰਘ ਜੀ ਦੇ ਸਮਕਾਲੀ ਤੇ ਦਰਬਾਰੀ ਢਾਡੀ ਦੀ ਰਚੀ ਹੋਈ ਹੈ ਬਲਕਿ ਹੋਰ ਭੀ ਜ਼ਿਆਦਾ ਇਸ ਕਰਕੇ ਕਿ ਇਸ ਵਿਚ ਦੱਸੀਆਂ ਗੱਲਾਂ ਢਾਡੀ ਨੇ ਆਪਣੀ ਅੱਖੀਂ ਡਿੱਠੀਆਂ ਤੇ ਕੰਨੀਂ ਸੁਣੀਆਂ ਹਨ । ਇਤਿਹਾਸਕ ਨਿਗਾਹ ਤੋਂ ਅੱਖੀਂ ਡਿੱਠੀਆਂ ਗੱਲਾਂ ਸਭ ਤੋਂ ਜ਼ਿਆਦਾ ਭਰੋਸੇ ਯੋਗ ਗਵਾਹੀ ਹੁੰਦੀਆਂ ਹਨ।

ਇਸ ਵਿਚ ਆਈਆਂ ਕੁਝ ਕੁ ਮੋਟੀਆਂ ਮੋਟੀਆਂ ਗੱਲਾਂ ਇਹ ਹਨ:—

ਗੁਰੂ ਜੀ ਦਾ ਡੇਰਾ ਇਕ ਕਬਰਸਤਾਨ ਵਿਚ ਹੋਣਾ ਤੇ ਮੁਸਲਮਾਨਾਂ ਦਾ ਰੌਲਾ ਪਾਉਣਾ। ਗੁਰੂ ਜੀ ਦੀ ਕਰਾਮਾਤ (ਇਸ ਦਾ ਵਿਸਥਾਰ ਨਾਲ ਜ਼ਿਕਰ ਨਹੀਂ ਕੀਤਾ ਹੋਇਆ) ।

ਗੁਰੂ ਜੀ ਦਾ ਬੰਦੇ ਨਾਲ ਪਹਿਲਾ ਮੇਲ ਸੂਰਜ ਗ੍ਰਹਿਣ ਵਾਲੇ ਦਿਨ ੩ ਅੱਸੂ ਸੰਮਤ ੧੭੬੫ ਬਿਕਰਮੀ, ੩ ਸਤੰਬਰ ਸੰਨ ੧੭੦੮ ਈਸਵੀ ਮੁਤਾਬਕ ੨੮ ਜਮਾਦੀ-ਉਲ-ਆਖਰ ੧੧੨੦ ਹਿਜਰੀ :

ਬੰਦੇ ਦੇ ਬੀਰਾਂ ਨਾਲ ਜੰਗ, ਸਿੰਘਾਂ ਦੀ ਫਤਿਹ।

ਹਿੰਦੂਆਂ ਦੀ ਬਾਦਸ਼ਾਹ ਪਾਸ ਫ਼ਰਿਆਦ, ਸ਼ਰਮਿੰਦੇ ਤੇ ਨਿਰਾਸ ਮੁੜਨਾ।

ਭਾਈ ਨੰਦ ਲਾਲ ਇਸ ਵੇਲੇ ਬਹਾਦੁਰ ਸ਼ਾਹ ਬਾਦਸ਼ਾਹ ਨਾਲ ਨੰਦੇੜ ਮੌਜੂਦ ਸੀ।

ਗੁਰੂ ਜੀ ਦਾ ਨੀਚ ਜਾਤਾਂ ਵਾਲਿਆਂ ਨੂੰ ਖੁਲ੍ਹੇ ਹੱਥੀਂ ਦਾਨ ਦੇਣਾ।

ਬਾਦਸ਼ਾਹ ਵਲੋਂ ਨਜ਼ਰ ਕੀਤਾ ਹੋਇਆ ਮੋਤੀ ਗੁਰੂ ਜੀ ਨੇ ਦਰਿਆ ਵਿਚ ਸੁੱਟ ਦੇਣਾ—ਬਾਦਸ਼ਾਹ ਦੀ ਹੈਰਾਨੀ ਤੇ ਨਿੰਮ੍ਰਤਾ।

ਪੰਜ ਸਿੰਘਾਂ ਸਮੇਤ ਬੰਦੇ ਨੂੰ ਪੰਜਾਬ ਵਲ ਭੇਜਣਾ।

ਗੁਰੂ ਸਾਹਿਬ ਦੇ ਚਾਰੇ ਸਾਹਿਬਜ਼ਾਦਿਆਂ ਦਾ ਸ਼ਹੀਦ ਹੋਣਾ।

ਗੁਰੂ ਜੀ ਦੇ ਉਪਦੇਸ਼—ਗੁਰੂ ਜੀ ਦੇ ਜੋਤੀਜੋਤ ਸਮਾਉਣ ਪਿਛੋਂ ਸਿੰਘ ਅਡੋਲ-ਚਿੱਤ ਰਹਿਣ ਤੇ ਕੀਰਤਨ ਕਰਨ ਤੇ ਸੁਣਨ।

ਸਿੰਘ ਬ੍ਰਾਹਮਣਾਂ ਦੇ ਕਹਿਣ ਅਨੁਸਾਰ ਕੋਈ ਕਿਰਿਆ ਕਰਮ ਨਾ ਕਰਨ।

ਗੁਰੂ ਅਰਜਨ ਨੇ ਭੀ ਬ੍ਰਾਹਮਣਾਂ ਦੀ ਕਹੀ ਭਰਮਾਂ-ਭਰੀ ਰਹੁ-ਰੀਤ ਦੀ ਨਿਖੇਧੀ ਕੀਤੀ ਹੈ।

ਸਿੰਘ ਸਦਾ ਢਾਡੀਆਂ ਦੀਆਂ ਵਾਰਾਂ ਸੁਣਨ।

ਬੱਚਾ, ਜਵਾਨ ਔਰ ਬੁੱਢਾ ਸਿੱਖ ਜਿਸ ਉਮਰੇ ਭੀ ਹੋਵੇ, ਅੰਮ੍ਰਿਤ ਤੋਂ ਵਾਂਝਾ ਨਾ ਰਹੇ।

## ਸਾਹਿਬਜ਼ਾਦਿਆਂ ਦੀ ਸ਼ਹਾਦਤ—

ਅਮਰਨਾਮੇ ਤੋਂ ਇਹ ਗੱਲ ਸਾਫ਼ ਸਿੱਧ ਹੈ ਕਿ ਗੁਰੂ ਜੀ ਦੇ ਨੰਦੇੜ ਵਿਚ ਅੰਤਮ ਦਿਨਾਂ ਤਕ ਖੁਦ ਗੁਰੂ ਸਾਹਿਬ ਤੇ ਹੋਰ ਨਿਕਟ ਵਰਤੀ ਸਿੰਘਾਂ ਤੇ ਢਾਡੀਆਂ ਦਾ ਇਹ ਹੀ ਨਿਸਚਾ ਸੀ ਕਿ ਚਾਰੇ ਸਾਹਿਬਜ਼ਾਦੇ ਸਰਹੰਦ ਤੇ ਚਮਕੌਰ ਵਿਚ ਮਾਰੇ ਗਏ ਸਨ।

Sri Satguru Jagjit Singh Ji eLibrary NamdhariElibrary@gmail.com

ਜ਼ਿਕਰ ਤਾਂ ਭਾਵੇਂ ਬਰਾਹਮਣਾਂ ਦੇ ਸੰਬੰਧ ਵਿਚ ਆਇਆ ਹੈ ਪਰ ਇਨ੍ਹਾਂ ਦਾ ਇਸ ਤਰ੍ਹਾਂ ਇਕੱਠਾ ਜ਼ਿਕਰ ਆਉਣਾ ਸੈਨਾਪਤਿ ਦੀ 'ਸ੍ਰੀ ਗੁਰੂ ਸੋਭਾ', ਰਾਏ ਚਤਰਮਨ ਦੀ ਚਹਾਰ ਗੁਲਸ਼ਨ' ਤੇ ਅਬਦੁਲ ਰਸੂਲ ਦੀ 'ਤਾਰੀਖਿ ਮੁਅੱਜ਼ਮ ਸ਼ਾਹ' ਦੀ ਇਸ ਗੱਲ ਨੂੰ ਕੱਟ ਦਿੰਦਾ ਹੈ ਕਿ ਗੁਰੂ ਸਾਹਿਬ ਦਾ ਇਕ ਸਾਹਿਬਜ਼ਾਦਾ (ਜਿਸ ਦਾ ਨਾਉਂ ਸੈਨਾਪਤਿ ਨੇ ਜ਼ੋਰਾਵਰ ਸਿੰਘ ਦੱਸਿਆ ਹੈ) ਚਮਕੌਰ ਦੀ ਜੰਗ ਵਿਚੋਂ ਬਚ ਕੇ ਨਿਕਲ ਗਿਆ ਸੀ, ਫੇਰ ਉਨ੍ਹਾਂ ਨੂੰ ਦੱਖਣ ਜਾਂਦਿਆਂ ਨੂੰ ਰਾਜਪੂਤਾਨੇ ਵਿਚ ਮਿਲਿਆ ਤੇ ਉਥੇ ਚਤੌੜ ਦੇ ਰਾਜਪੂਤਾਂ ਨਾਲ ਇਕ ਨਿਗੂਣੀ ਜਿਹੀ ਲੜਾਈ ਵਿਚ ਮਾਰਿਆ ਗਿਆ। ਜ਼ਫਰਨਾਮੇ ਵਿਚ ਭੀ ਚਾਰੇ ਸਾਹਿਬਜ਼ਾਦਿਆਂ ਦੇ ਭਾਵੇਂ ਸ਼ਹੀਦ ਹੋ ਜਾਣ ਦਾ ਜ਼ਿਕਰ ਗੁਰੂ ਸਾਹਿਬ ਨੇ ਕੀਤਾ ਹੈ ਪਰ ਉਹ ਗੁਰੂ ਜੀ ਦੇ ਦੱਖਣ ਨੂੰ ਤੁਰਨ ਤੋਂ ਪਹਿਲਾਂ ਦਾ ਲਿਖਿਆ ਹੋਇਆ ਸੀ। ਅਮਰਨਾਮਾ ਰਾਜਪੂਤਾਨੇ ਦੇ ਸਫਰ ਤੋਂ ਬਾਦ ਦੱਖਣ ਵਿਚ ਰਚਿਆ ਗਿਆ ਸੀ। ਇਸ ਲਈ ਇਸ ਵਿਚ ਚਾਰੇ ਸਾਹਿਬਜ਼ਾਦਿਆਂ ਦੇ ਬਰਾਹਮਣਾਂ ਦੇ ਕਾਰੇ ਨਾਲ ਮਾਰੇ ਜਾਣ ਦਾ ਜ਼ਿਕਰ ਸ਼ਕ ਦੀ ਗੁੰਜਾਂਇਸ਼ ਨਹੀਂ ਛਡਦਾ।

ਚੌਹਾਂ ਹੀ ਸਾਹਿਬਜ਼ਾਦਿਆਂ ਦਾ ਮਾਰਿਆ ਜ਼ਾਣਾ ਬਰਾਹਮਣਾਂ ਦੇ ਮੱਥੇ ਇਸ ਤਰ੍ਹਾਂ ਲਗਦਾ ਹੈ ਕਿ ਵੱਡੇ ਦੋਨੋ ਸਾਹਿਬਜ਼ਾਦੇ ਬਰਾਹਮਣਾਂ ਦੇ ਉਕਸਾਏ ਹੋਏ ਪਹਾੜੀ ਰਾਜਿਆਂ ਦੀ ਸੱਦੀ ਹੋਈ ਮੁਗਲ ਫੌਜ ਨਾਲ ਚਮਕੌਰ ਦੇ ਜੰਗ ਵਿਚ ਲੜਦੇ ਮਾਰੇ ਗਏ ਸਨ ਤੇ ਛੋਟੇ ਸਹੇੜੀ ਦੇ ਗੰਗੂ ਬਰਾਹਮਣ ਨੇ ਮੁਰਿੰਡੇ ਦੇ ਪਠਾਣਾਂ ਦੇ ਹਵਾਲੇ ਕਰ ਦਿੱਤੇ ਜੋ ਸਰਹੰਦ ਵਿਚ ਵਜੀਰ ਖ਼ਾਨ ਫ਼ੌਜਦਾਰ ਨੇ ਮਰਵਾ ਦਿੱਤੇ। ਕਵੀ ਸੈਨਾਪਤਿ ਇਸ ਵੇਲੇ ਗੁਰੂ ਜੀ ਦੇ ਨਾਲ ਸਫ਼ਰ ਵਿਚ ਮੌਜੂਦ ਨਹੀਂ ਸੀ, ਇਸ ਲਈ ਜਾਹਿਬਜ਼ਾਦੇ ਸੰਬੰਧੀ ਉਸ ਦੀ ਗੱਲ ਕਿਸੇ ਗਲਤ ਸੁਣੌਤ ਦੇ ਆਧਾਰ ਤੇ ਲਿਖੀ ਗਈ ਪਰਤੀਤ ਹੁੰਦੀ ਹੈ। ਇਸੇ ਤਰ੍ਹਾਂ ਦੀਆਂ ਇਕ ਦੋ ਹੋਰ ਗੱਲਾਂ ਸੈਨਾਪਤਿ ਦੀ 'ਸ੍ਰੀ ਗੁਰ ਸੋਭਾ' ਵਿਚ ਹਨ ਜਿਹੜੀਆਂ ਕਿ ਉੱਕੀਆਂ ਹੀ ਨਿਰਮੂਲ ਹਨ। ਮਾਲੂਮ ਹੁੰਦਾ ਹੈ ਕਿ ਇਸ ਵੇਲੇ ਖਬਰ-ਪਰਾਪਤੀ ਦੇ ਚੰਗੇ ਸਾਧਨ ਨਾ ਹੋਣ ਕਰਕੇ ਕਈ ਵਾਰੀ ਝੂਠ-ਮੂਠ ਗੱਲਾਂ ਭੀ ਚੋਖੀਆਂ ਉਡ ਜਾਂਦੀਆਂ ਸਨ ਜੋ ਪਿੱਛੋਂ ਸਰਕਾਰੀ ਤੇ ਗੈਰ-ਸਰਕਾਰੀ ਅਖਬਾਰ-ਨਵੀਸਾਂ ਰਾਹੀਂ ਸਰਕਾਰੇ ਦਰਬਾਰੇ ਜਾ ਪੁਜਦੀਆਂ ਸਨ। ਉਥੋਂ ਰੋਜ਼ਨਾਮਚਿਆਂ ਤੇ ਵੇਲੇ ਦੀਆਂ ਤਾਰੀਖਾਂ ਵਿਚ ਦਰਜ ਹੋ ਗਈਆਂ। ਕਿਤਾਬਾਂ ਛਪਣ ਦਾ ਚੂੰਕਿ ਕੋਈ ਪਰਬੰਧ ਨਹੀਂ ਸੀ ਇਸ ਲਈ ਇਹ ਗੱਲਾਂ ਛੇਤੀ ਬਾਹਰ ਨਹੀਂ ਸਨ ਨਿਕਲਦੀਆਂ ਤੇ ਠੀਕ ਨਹੀਂ ਸਨ ਹੋ ਸਕਦੀਆਂ। 'ਚਹਾਰ ਚਮਨ' ਤੇ 'ਤਾਰੀਖਿ ਮੁਅੱਜ਼ਮ ਸ਼ਾਹ' ਵਿਚ ਇਸੇ ਕਰਕੇ ਹੀ ਗਲਤੀਆਂ ਚਲੀਆਂ ਆ ਰਹੀਆਂ ਹਨ। ਚੂੰਕਿ ਇਹ ਲਿਖਤਾਂ ਸਮਕਾਲੀ ਸਨ ਇਸ ਲਈ ਹੁਣ ਇਨ੍ਹਾਂ ਦੀ ਇਤਿਹਾਸਕ ਪਰਵਾਨਤਾ ਵਧ ਜਾਣ ਕਰਕੇ ਇਹ ਉਨ੍ਹਾਂ ਗਲਤ ਗੱਲਾਂ ਦੇ ਪਰਚਾਰ ਦਾ ਸਾਧਨ ਬਣਦੀਆਂ ਜਾ ਰਹੀਆਂ ਹਨ। ਇਤਿਹਾਸ ਦੇ ਪਾਠਕਾਂ ਤੇ ਖੋਜੀਆਂ ਨੂੰ ਇਨ੍ਹਾਂ ਲਿਖਤਾਂ ਦੀ ਵਰਤੋਂ ਵਿਚ ਬੜੀ ਸਾਵਧਾਨਤਾ ਵਰਤਣੀ ਚਾਹੀਦੀ ਹੈ।

ਹੋਰ ਤਾਂ ਇਕ ਪਾਸੇ ਰਿਹਾ, ਖ਼ੁਦ ਬਾਦਸ਼ਾਹ ਬਹਾਦੁਰ ਸ਼ਾਹ ਭੀ ਇਸ ਗਲਤੀ ਤੇ

Sri Satguru Jagjit Singh Ji eLibrary NamdhariElibrary@gmail.com

ਧੋਖੇ ਤੋਂ ਨਹੀਂ ਬਚ ਸਕਿਆ ਅਤੇ ੨੯ ਸ਼ਾਬਾਨ ਸਨ ੨ ਬਹਾਦੁਰ ਸ਼ਾਹੀ ਮੁਤਾਬਕ ੩੦ ਅਕਤੂਬਰ ਸੰਨ ੧੭੦੮ ਦੀ ਸ਼ਾਹੀ ਦਰਬਾਰ ਦੀ ਖਬਰ ਵਿਚ ਲਿਖਿਆਹੈ ਕਿ ਬਾਦਸ਼ਾਹ ਵਲੋਂ ਹੁਕਮ ਹੋਇਆ ਕਿ ਗੁਰੂ ਗੋਬਿੰਦ ਰਾਓ ਨਾਨਕ ਪੰਥੀ ਦੇ ਪੁੱਤਰ ਨੂੰ ਪਿਤਾ ਦੀ ਮੌਤ ਦੇ ਸੋਗ ਦੀ ਖਿਲਤ ਦਿੱਤੀ ਜਾਏ —

ਹੁਕਮ ਸ਼ੁਦ ਕਿ ਬ-ਪਿਸਰਿ ਗੁਰੂ ਗੋਬਿੰਦ ਰਾਓ
ਨਾਨਕ ਪੰਥੀ ਖਿਲਤਿ ਮਾਤਮੀ-ਏ-ਬਿਦਿਹੰਦ ।

ਇਸ ਵੇਲੇ ਗੁਰੂ ਗੋਬਿੰਦ ਸਿੰਘ ਜੀ ਦੇ ਜ਼ੋਤੀ ਜੋਤ ਸਮਾਉਣ ਨੂੰ ਸਿਰਫ ੨੪ ਦਿਨ ਹੀ ਹੋਏ ਸਨ ਅਤੇ ਇਹ ਗੱਲ ਆਮ ਸੀ ਕਿ ਗੁਰੂ ਸਾਹਿਬ ਦੇ ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਚੁਕੇ ਹਨ, ਪਰ ਫੇਰ ਭੀ ਮਾਤਾ ਸੁੰਦਰੀ ਜੀ ਦੇ ਲੈ-ਪਾਲਕ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਪੁਤਰ ਦੀ ਹੈਸੀਅਤ ਵਿਚ ਖਿਲਤ ਦੇ ਦਿੱਤੀ ਜਾਂਦੀ ਹੈ।

ਇਸ ਤਰ੍ਹਾਂ ੨੫ ਰਬੀ-ਉਲ-ਅੱਵਲ ਸਨ ੪ ਬਹਾਦੁਰ ਸ਼ਾਹੀ ਮੁਤਾਬਕ ੧੩ ਮਈ ਸਨ ੧੭੧੦ ਈਸਵੀ ਦੀ ਖਬਰ ਵਿਚ ਲਿਖਿਆ ਹੋਇਆ ਹੈ ਕਿ 'ਗੁਰੂ ਗੋਬਿੰਦ ਸਿੰਘ ਦਾ ਵੱਡਾ ਪੁਤਰ ਅਜੀਤ ਸਿੰਘ ਜੋ ਪਿਛਲੀਆਂ ਜੰਗਾਂ ਵਿਚ ਮਾਰਿਆ ਗਿਆ ਸੀ ਰਾਜਧਾਨੀ (ਦਿੱਲੀ) ਵਿਚ ਆ ਕੇ ਜੈਸਿੰਘ ਪੁਰੇ ਬੰਗਲੇ ਵਿਚ ਉਤਰਿਆ ਹੋਇਆ ਹੈ।' ਇਸ ਤੋਂ ਇਹ ਗੱਲ ਸਪੱਸ਼ਟ ਦਿਸਦੀ ਹੈ ਕਿ ਲੈ-ਪਾਲਕ ਅਜੀਤ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਚਮਕੌਰ ਵਿਚ ਸ਼ਹੀਦ ਹੋ ਚੁਕਾ ਹੋਇਆ ਅਸਲੀ ਵੱਡਾ ਸਾਹਿਬਜ਼ਾਦਾ ਹੀ ਸਮਝਿਆ ਜਾ ਰਿਹਾ ਹੈ ਅਤੇ ਕੋਈ ਵੱਡੀ ਗੱਲ ਨਹੀਂ ਕਿ ਸਿਖ ਇਤਿਹਾਸ ਦੀਆਂ ਸਚਾਈਆਂ ਤੋਂ ਨਾਵਾਕਫ ਕੋਈ ਲਿਖਾਰੀ ਇਸ ਅਜੀਤ ਸਿੰਘ ਦੀਆਂ ਬਾਦ ਵਿਚ ਹੋਈਆਂ ਗੱਲਾਂ ਸਾਹਿਬ ਅਜੀਤ ਸਿੰਘ ਦੇ ਲੇਖੇ ਹੀ ਲਾ ਦੇਵੇ ਅਤੇ ਇਸ ਤਰ੍ਹਾਂ ਇਤਿਹਾਸ ਨਾਲ ਇਕ ਐਸਾ ਅਨਿਆ ਕਰ ਦੇਵੇ ਜਿਸ ਦੇ ਅਸਰ ਨੂੰ ਬਾਦ ਵਿਚ ਮਿਟਾ ਸਕਣਾ ਔਖਾ ਹੀ ਨਹੀਂ, ਅਸੰਭਵ ਹੋ ਜਾਏ।

ਬੇਸ਼ੁਮਾਰ ਐਸੀਆਂ ਫ਼ਾਰਸੀ ਸਮਕਾਲੀ ਲਿਖਤਾਂ ਮੌਜੂਦ ਹਨ ਜਿਨ੍ਹਾਂ ਵਿਚ ਬੰਦਾ ਸਿੰਘ ਸਬੰਧੀ ਹਾਲ ਇਸ ਤਰ੍ਹਾਂ ਲਿਖਿਆ ਹੋਇਆ ਹੈ ਜਿਵੇਂ ਕਿ ਉਹ ਖੁਦ ਗੁਰੂ ਗੋਬਿੰਦ ਸਿੰਘ ਜੀ ਹੀ ਸਨ, ਬਲਕਿ 'ਬੰਦਾ' ਨਾਉਂ ਉਨ੍ਹਾਂ ਲਿਖਿਆ ਹੀ ਨਹੀਂ, 'ਗੁਰੂ ਗੋਬਿੰਦ' 'ਗੁਰੂ ਗੋਬਿੰਦ' ਹੀ ਲਿਖੀ ਜਾ ਰਹੇ ਹਨ। ਇਸ ਨਾਲੋਂ ਵਡੀ ਗਲਤੀ ਹੋਰ ਕੀ ਹੋ ਸਕਦੀ ਹੈ ? ਪਰ ਇਹ ਗਲਤੀ ਹੈ ਸਮਕਾਲੀ ਲਿਖਤਾਂ ਵਿਚ, ਤਾਂ ਕੀ ਇਨ੍ਹਾਂ ਨੂੰ ਅੰਨ੍ਹੇ ਵਾਹ ਠੀਕ ਮੰਨ ਲਿਆ ਜਾਏ ?

ਇਹ ਠੀਕ ਹੈ ਕਿ 'ਅਮਰਨਾਮੇ' ਵਿਚ ਗੁਰੂ ਗੋਬਿੰਦ ਸਿੰਘ ਅਤੇ ਬੰਦਾ ਸਿੰਘ ਦੇ ਸਾਰੇ ਸਾਂਝੇ ਵਾਕਿਆਤ ਦਰਜ ਨਹੀਂ ਹਨ। ਪਰ 'ਅਮਰਨਾਮਾ' ਢਾਡੀਆਂ ਦੀ ਵਾਰ ਹੈ, ਇਤਿਹਾਸ ਨਹੀਂ। ਜੋ ਗੱਲਾਂ ਢਾਡੀ ਨੇ ਵਾਰ ਵਿਚ ਕਹੀਆਂ, ਉਹ ਇੱਥੇ ਮੌਜੂਦ ਹਨ, ਜੋ ਉਂਜ ਹੀ ਵਾਰਤਕ ਵਿਚ ਕਹਿ ਦੱਸ ਗਿਆ ਉਹ ਨਹੀਂ ਹਨ। ਨਾਲੇ ਢਾਡੀ ਨੇ ਸਾਰੀਆਂ ਗੱਲਾਂ ਇਕੋ ਵਾਰ ਹੀ ਨਹੀਂ ਕਹੀਆਂ ਹੋਣੀਆਂ। ਢਾਡੀ ਨਾਲੋ ਨਾਲ ਵਾਰਾਂ ਰਚਦਾ ਤੇ

Sri Satguru Jagjit Singh Ji eLibrary NamdhariElibrary@gmail.com

ਸੁਣਾਉਂਦਾ ਹੋਣਾ ਏ, ਕਿਸੇ ਦਿਨ ਕੋਈ ਪਰਸੰਗ ਸੁਣਾ ਦਿੱਤਾ ਤੇ ਕਿਸੇ ਦਿਨ ਕੋਈ। ਹੋ ਸਕਦਾ ਏ ਇਸ ਤੋਂ ਪਿਛਲੀਆਂ ਰਚੀਆਂ ਵਾਰਾਂ ਲਿਖਤ ਵਿਚ ਨਾ ਆਈਆਂ ਹੋਣ ਜਾਂ ਕਿਧਰੇ ਹੋਰ ਥਾਂ ਲਿਖੀਆਂ ਪਈਆਂ ਹੋਣ ਜੋ ਹਾਲ ਤਕ ਨਹੀਂ ਲਭੀਆਂ ਜਾਂ ਢਾਡੀਆਂ ਦੇ ਨਾਲ ਹੀ ਪਾਕਿਸਤਾਨ ਤੁਰ ਗਈਆਂ ਜਾਂ ਮਰ ਖਪ ਗਈਆਂ ਹੋਣ । ਜਿਨ੍ਹਾਂ ਨੇ ਕਦੀ ਢਾਡੀਆਂ ਤੋਂ ਵਾਰਾਂ ਸੁਣੀਆਂ ਹਨ ਉਹ ਜਾਣਦੇ ਹਨ ਕਿ ਢਾਡੀਆਂ ਦੀ ਸਾਰੀ ਗਲ ਕਵਿਤਾ ਵਿਚ ਨਹੀਂ ਹੁੰਦੀ। ਕੇਵਲ ਮੁਖ ਚੀਜ਼ ਹੀ ਕਵਿਤਾ ਵਿਚ ਹੁੰਦੀ ਹੈ। ਵੇਰਵੇ ਸਾਧਾਰਣ ਬੋਲੀ ਵਿਚ ਹੁੰਦੇ ਨੇ। ਸਾਹ ਲੈਣ ਲਈ ਤੇ ਲੜੀ ਨੂੰ ਜੋੜਨ ਲਈ ਕਈ ਵਾਰੀ ਉਹ ਚਲ ਰਹੀ ਵਾਰਤਾ ਦੀਆਂ ਕਈ ਜ਼ਰੂਰੀ ਗੱਲਾਂ ਭੀ ਉਂਜ ਹੀ ਦਸ ਜਾਂਦੇ ਹਨ। ਜਦ ਕਿਸੇ ਗੱਲ ਤੇ ਹੁਲਾਰਾ ਆਉਂਦਾ ਹੈ ਜਾਂ ਹੁਲਾਰਾ ਦੇਣਾ ਚਾਹੁੰਦੇ ਹਨ ਤਾਂ ਮਾਰ ਕੇ ਢੱਡ ਤੇ ਹਥ ਜਾਂ ਫੇਰ ਕੇ ਸਰੰਗੀ ਤੇ ਗਜ ਲਾ ਦਿੰਦੇ ਨੇ ਵਾਜ ਤੇ ਮੁੜ ਛੇੜ ਦਿੰਦੇ ਨੇ ਵਾਰ। ਇਸੇ ਕਰਕੇ ਢਾਡੀਆਂ ਦੀਆਂ ਸਾਰੀਆਂ ਵਾਰਾਂ ਸਿਲਸਿਲੇ ਵਾਰ ਕਵਿਤਾ ਨਹੀਂ ਹੁੰਦੀਆਂ। ਵਿਚ ਕਈ ਥਾਈਂ ਵੱਡੇ ਵੱਡੇ ਘਾਪੇ ਹੁੰਦੇ ਨੇ। 'ਅਮਰਨਾਮੇ' ਵਿਚ ਤਾਂ ਇਹ ਸਾਫ ਦਿਸ ਰਹੇ ਨੇ। ਗੁਰੂ ਗੋਬਿੰਦ ਸਿੰਘ ਦਾ ਬੰਦੇ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਉਣਾ, ਜਿਸ ਦਾ ਇਤਿਹਾਸਾਂ ਵਿਚ ਸਾਫ ਜ਼ਿਕਰ ਹੈ, ਸਰਹੰਦ ਵਲੋਂ ਆਏ ਪਠਾਣ ਦਾ ਗੁਰੂ ਜੀ ਪਾਸ ਆਉਣ ਜਾਣ ਤੇ ਮੌਕਾ ਤਾੜ ਕੇ ਉਨ੍ਹਾਂ ਤੇ ਵਾਰ ਕਰਨ (ਜਿਸ ਦਾ 'ਚਤੁਰਜੁਗੀ' ਤੇ 'ਸ੍ਰੀ ਗੁਰ ਸੋਭਾ' ਤੇ ਹੋਰ ਗ੍ਰੰਥਾਂ ਵਿਚ ਵਿਸਤਾਰ ਸਹਿਤ ਹਾਲ ਮੌਜੂਦ ਹੈ), ਗੁਰੂ ਸਾਹਿਬ ਦੇ ਜ਼ਖਮੀ ਹੋਣ ਤੇ ਅਤੇ ਜੋਤੀ ਜੋਤ ਸਮਾਉਣ ਦਾ ਕੋਈ ਵਰਨਣ 'ਅਮਰਨਾਮੇ' ਵਿਚ ਨਹੀਂ ਹੈ। ਇਹ ਤਾਂ ਹੋ ਨਹੀਂ ਸਕਦਾ ਕਿ ਹਜ਼ੂਰੀ ਢਾਡੀ ਨੂੰ ਜੋ ਨੰਦੇੜ ਵਿਚ ਮੌਜੂਦ ਸੀ ਤੇ ਓਥੇ ਹੋਈਆਂ ਬਾਕੀ ਗੱਲਾਂ ਠੀਕ ਦਸ ਰਿਹਾ ਹੈ, ਇਨ੍ਹਾਂ ਦਾ ਪਤਾ ਨਾ ਹੋਵੇ। ਸਪਸ਼ਟ ਹੈ ਕਿ ਇਨ੍ਹਾਂ ਦਾ ਜ਼ਿਕਰ ਵਾਰ ਲਾਉਣ ਵੇਲੇ ਨੱਥ ਮੱਲ ਵਾਰਤਕ ਵਿਚ ਦੱਸ ਕੇ ਲੰਘ ਗਿਆ ਹੋਵੇਗਾ।

## ਬਰਾਹਮਣੀ ਕਿਰਿਆ ਕਰਮ ਦੀ ਨਿਖੇਧੀ–

ਬਰਾਹਮਣੀ ਭਰਮ ਤੇ ਕਿਰਿਆ ਕਰਮ ਦੀ ਨਿਖੇਧੀ 'ਅਮਰਨਾਮੇ' ਦੀ ਇਕ ਖਾਸ ਗੱਲ ਹੈ। ਗ੍ਰਹਿਣ ਵਾਲੇ ਸਮੇਂ ਝਟਕਾ ਕਰਨ ਤੇ ਪਕਾਉਣ ਦੀ ਵਿਰੋਧਤਾ, ਭੂਤਾਂ ਪਰੇਤਾਂ ਦੀ ਮਾਨਤਾ, ਮੰਜੇ ਤੇ ਮਰ ਜਾਣ ਵਾਲੇ ਦੀ ਗਤੀ ਨਾ ਹੋਣ ਦਾ ਭਰਮ, ਉਸ ਦੇ ਸੰਬੰਧੀਆਂ ਨੂੰ ਖੂਹ ਤੋਂ ਪਾਣੀ ਭਰਨ ਦੀ ਮਨਾਹੀ, ਦਾਨ ਲੈ ਕੇ ਗਤੀ ਕਰਾ ਦੇਣ ਦਾ ਬਰਾਹਮਣਾਂ ਵਲੋਂ ਭਰੋਸਾ, ਦੁਨਿਆਵੀ ਪਾਪਾਂ ਦੀ ਨਵਿਰਤੀ ਲਈ ਗੰਗਾ-ਅਸ਼ਨਾਨ ਤੇ ਬਰਾਹਮਣਾਂ ਨੂੰ ਦਾਨ ਦਾ ਉਪਾਉ ਆਦਿ ਆਦਿ ਬਰਾਹਮਣਾਂ ਦੀਆਂ ਦਾਨ ਲੈਣ ਦੇ ਬਹਾਨੇ ਲਈ ਘੜੀਆਂ ਗਲਾਂ ਇਤਨੀਆਂ ਜ਼ਿਆਦਾ ਸਨ ਅਤੇ ਅਣਜਾਣ ਜਨਤਾ ਵਿਚ ਇਨ੍ਹਾਂ ਦੇ ਫੈਲਾਏ ਭਰਮ-ਜਾਲ ਇਤਨੇ ਸੰਘਣੇ ਸਨ ਕਿ ਟੁਟਣ ਵਿਚ ਨਹੀਂ ਸੀ ਆਉਂਦੇ। ਇਸ ਪਾਸੇ ਗੁਰੂ ਸਾਹਿਬਾਂ ਤੇ ਸਿੱਖ ਪਰਚਾਰਕਾਂ ਨੇ ਮੁਢ ਤੋਂ ਹੀ ਬੜਾ ਜਤਨ ਕੀਤਾ ਹੈ। ਪਰ ਸੈਂਕੜੇ ਹੀ ਨਹੀਂ, ਹਜ਼ਾਰਾਂ

Sri Satguru Jagjit Singh Ji eLibrary NamdhariElibrary@gmail.com

ਵਰ੍ਹਿਆਂ ਦੇ ਪਏ ਤੇ ਪੱਕੇ ਹੋਏ ਹੋਏ ਵਹਿਮ ਛੇਤੀ ਨਹੀਂ ਨਿਕਲਦੇ । ਇਸ ਜਾਗਰਤ ਦੇ ਜ਼ਮਾਨੇ ਵਿਚ ਭੀ ਸਿੰਘ ਸਭਾ ਤੇ ਆਰੀਆ ਸਮਾਜ ਆਦਿ ਸੁਧਾਰਕ ਸੰਸਥਾਵਾਂ ਦੇ ਜਤਨ ਲੋੜੀਂਦੀ ਹਦ ਤਕ ਕਾਮਯਾਬ ਨਹੀਂ ਹੋ ਸਕੇ । ਬਲਕਿ ਸੁਧਾਰਕਾਂ ਦੇ ਵਿਰੁਧ ਰਾਜਸੀ ਦੂਖਣ ਮੜ੍ਹ ਕੇ ਉਨ੍ਹਾਂ ਨੂੰ ਭੰਡਿਆ ਤੇ ਉਨ੍ਹਾਂ ਦੇ ਕੰਮ ਨੂੰ ਛੁਟਿਆਇਆ ਜਾਂਦਾ ਹੈ ।

ਭਾਵੇਂ ਇਸ ਭਰਮ-ਜਾਲ ਨੂੰ ਤੋੜ ਕੇ ਲੋਕਾਂ ਨੂੰ ਪਖੰਡੀ ਬਰਾਹਮਣਾਂ ਦੇ ਕੰਡਿਆਲੇ ਪੰਜੇ ਵਿਚੋਂ ਕਢਣ ਦੀ ਵਿਉਂਤ ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਨੇ ਰੱਖੀ ਸੀ ਅਤੇ ਹਰਿਦੁਆਰ ਤੇ ਬਨਾਰਸ ਆਦਿ ਅਸਥਾਨਾਂ ਤੇ ਜਾ ਕੇ ਲੋਕਾਂ ਨੂੰ ਸੁਚੇਤ ਕੀਤਾ ਅਤੇ ਉਨ੍ਹਾਂ ਤੋਂ ਬਾਦ ਦੂਸਰੇ ਗੁਰੂ ਸਾਹਿਬਾਂ ਨੇ ਇਸ ਮਹਾਨ ਉਤਮ ਕਾਰਜ ਨੂੰ ਜਾਰੀ ਰਖਿਆ, ਪਰ ਦੋ ਸੌ ਵਰ੍ਹੇ ਵਿਚ ਭੀ ਪੂਰੀ ਕਾਮਯਾਬੀ ਨਾ ਹੋਈ । ਇਸ ਦਾ ਵੱਡਾ ਕਾਰਣ ਇਹ ਸੀ ਕਿ ਲੋਕਾਂ ਦੀ ਕੁਦਰਤੀ ਬਿਰਤੀ ਧਾਰਮਕ ਸੀ ਅਤੇ ਕੋਈ ਧਾਰਮਕ ਰਹੁ-ਰੀਤ ਤੇ ਕਿਰਿਆ-ਕਰਮ ਬਰਾਹਮਣ ਤੋਂ ਬਿਨਾ ਹੁੰਦੀ ਹੀ ਨਹੀਂ ਸੀ । ਗੈਰ-ਬਰਾਹਮਣ ਨੂੰ ਚੂੰਕਿ ਧਰਮ ਦੇ ਮਾਮਲੇ ਵਿਚ ਦਖਲ ਦੇ ਸਕਣ ਦਾ ਹੱਕ ਹੀ ਨਹੀਂ ਸੀ, ਇਸ ਲਈ ਹਰ ਧਾਰਮਕ ਗੱਲ ਵਿਚ ਬਰਾਹਮਣ ਦੀ ਲੋੜ ਤੇ ਖੁਸ਼ਾਮਦ ਸੀ ਜਿਸ ਕਰਕੇ ਉਸਨੂੰ ਰਾਜ਼ੀ ਤੇ ਖੁਸ਼ ਰਖਣ ਲਈ ਉਸ ਦੀ ਹਰ ਚੰਗੀ ਮੰਦੀ ਗੱਲ ਮੰਨਣੀ ਪੈਂਦੀ ਸੀ । ਇਸ ਕਰਕੇ ਉਨ੍ਹਾਂ ਦਾ ਅਡੰਬਰ ਬਣਿਆ ਰਹਿੰਦਾ ਸੀ ਤੇ ਜਾਲ ਟੁੱਟਣ ਵਿਚ ਨਹੀਂ ਸੀ ਆਉਂਦਾ । ਜਿਤਨੀ ਦੇਰ ਤਕ ਬਰਾਹਮਣਾਂ ਦਾ ਥੋੜਾ ਜਿਹਾ ਭੀ ਹੱਥ ਲੋਕਾਂ ਦੀ ਧਾਰਮਕ ਤੇ ਭਾਈਚਾਰਕ ਜ਼ਿੰਦਗੀ ਵਿਚ ਟਿਕਿਆ ਹੋਇਆ ਸੀ, ਲੋਕਾਂ ਦੀ ਦਿਮਾਗੀ ਖਲਾਸੀ ਨਹੀਂ ਸੀ ਹੋ ਸ਼ਕਦੀ, ਅਤੇ ਦਿਮਾਗੀ ਖਲਾਸੀ ਤੋਂ ਬਿਨਾ ਜਨਤਾ ਪਾਸੋਂ ਉਨ੍ਹਾਂ ਮਹਾਨ ਕੰਮਾਂ ਵਲ ਲਗ ਸਕਣ ਤੇ ਪੂਰੀ ਸਫਲਤਾ ਨਾਲ ਉਨ੍ਹਾਂ ਨੂੰ ਸਿਰੇ ਚਾੜ੍ਹ ਸਕਣ ਦੀ ਆਸ ਨਹੀਂ ਸੀ ਹੋ ਸਕਦੀ ਜਿਨ੍ਹਾਂ ਦਾ ਨਕਸ਼ਾ ਦੇਸ਼ ਦੀ ਆਜ਼ਾਦੀ ਲਈ ਗੁਰੂ ਗੋਬਿਦ ਸਿੰਘ ਜੀ ਨੇ ਆਪਣੇ ਦਿਮਾਗ ਵਿਚ ਬਣਾਇਆ ਹੋਇਆ ਸੀ । ਇਸ਼ ਦੇਸ ਦੀ ਅਧੋਗਤੀ ਦਾ ਵਡਾ ਕਾਰਣ ਆਮ ਲੋਕਾਂ ਦੀ ਜ਼ਿੰਦਗੀ ਵਿਚ ਜ਼ਾਤ-ਅਭਿਮਾਨੀ ਤੇ ਜਾਤ-ਲਾਲਚੀ ਬਰਾਹਮਣਾਂ ਦਾ ਗਲਬਾ ਸੀ । ਇਸ ਲਈ ਲੋਕਾਂ ਦੇ ਧਰਮ ਕਰਮ ਵਿਚੋਂ ਬਰਾਹਮਣ ਨੂੰ ਉੱਕਾ ਹੀ ਖਾਰਜ ਕਰਨ ਤੋਂ ਬਿਨਾ ਉਨ੍ਹਾਂ ਵਿਚ ਕੋਈ ਇਨਕਲਾਬ ਪੈਦਾ ਕਰ ਸਕਣਾ ਅਸੰਭਵ ਸੀ—ਅਤੇ ਇਕ ਬੜੇ ਭਾਰੇ ਇਨਕਲਾਬ ਤੋਂ ਬਗੈਰ ਉਸ ਵੇਲੇ ਕੋਈ ਚਾਰਾ ਹੀ ਨਹੀਂ ਸੀ ਰਹਿ ਗਿਆ । ਬਰਾਹਮਣ ਦੇ ਅਸਰ ਤੇ ਗਲਬੇ ਕਰਕੇ ਪੁਰਾਣਾ ਹਿੰਦੂ ਸਮਾਜ ਬੋਦਾ, ਬ-ਹਿੱਸ ਤੇ ਬੇ-ਜਾਨ ਹੋ ਚੁਕਾ ਸੀ । ਕੋਈ ਨਵਾਂ ਸਮਾਜ ਬਣਾਉਣ ਵੇਲੇ ਪੁਰਾਣੀਆਂ ਮਾਰੂ ਬੀਮਾਰੀਆਂ ਦੇ ਕਾਰਣਾਂ ਤੋਂ ਬਚਣ ਦੀ ਲੋੜ ਸੀ ਅਤੇ ਉਨ੍ਹਾਂ ਸਾਰੇ ਅਸਰਾਂ ਤੋਂ ਦੂਰ ਰਹਿਣਾ ਬੜਾ ਜ਼ਰੂਰੀ ਸੀ ਜਿਨ੍ਹਾਂ ਦੀ ਮਾਰਫਤ ਬੀਮਾਰੀ ਦੇ ਕੀੜੇ ਮੁੜ ਪੈਦਾ ਹੋ ਜਾਣ ਦਾ ਖ਼ਤਰਾ ਹੋ ਸਕਦਾ ਸੀ । ਇਸ ਲਈ ਖਾਲਸਾ ਸਾਜਣ ਵੇਲੇ ਗੁਰੂ ਗੋਬਿੰਦ ਸਿੰਘ ਨੇ ਪੁਰਾਣੇ ਸਾਰੇ ਭਰਮ ਭੇਦ ਮਿਟਾ ਦਿਤੇ ਅਤੇ ਸਿੰਘਾਂ ਦੀ ਨਵੀਂ ਸਮਾਜ 'ਖਾਲਸਾ' ਵਿਚੋਂ ਬਰਾਹਮਣਾਂ ਨੂੰ ਉਕਾ ਹੀ ਖਾਰਜ ਕਰ ਦਿੱਤਾ । ਕਰਮ-ਕਾਂਡੀ ਬਰਾਹਮਣ ਪਾਸੋਂ ਜੰਞੂ ਪੁਆਉਣ ਦੀ ਥਾਂ ਪੰਜ ਸ਼ਸਤਰ-ਧਾਰੀ ਸਿੰਘਾਂ ਪਾਸੋਂ ਖੰਡੇ ਦੇ ਅੰਮ੍ਰਿਤ ਦੀ ਰਸਮ ਜਾਰੀ ਕਰ ਦਿੱਤੀ । ਬਰਾਹਮਣੀ ਜ਼ਾਤ-ਪਾਤ ਮਿਟਾਉਣ ਲਈ ਹਰ

Sri Satguru Jagjit Singh Ji eLibrary NamdhariElibrary@gmail.com

ਵਰਣ ਤੇ ਹਰ ਤ੍ਰਿੱਤੇ ਦੇ ਲੋਕਾਂ ਨੂੰ ਬਿਨਾ ਊਚ-ਨੀਚ ਦੇ ਭਿੰਨ-ਭੇਦ ਦੇ ਇਕੱਠੇ ਇਕੋ ਬਾਟੇ ਵਿਚੋਂ ਅੰਮ੍ਰਿਤ ਛਕਾਉਣਾ ਆਰੰਭ ਦਿਤਾ। ਆਪਣੇ ਸਜਾਏ ਸਿੰਘਾਂ ਪਾਸੋਂ ਖੁਦ ਅੰਮ੍ਰਿਤ ਛਕ ਕੇ ਗੁਰੂ ਚੇਲੇ ਦਾ ਫਰਕ ਮਿਟਾ ਦਿਤਾ। ਇਸ ਖਿਆਲ ਨਾਲ ਕਿ ਸਿੰਘ ਕਿਧਰੇ ਮੁੜ ਪੁਰਾਣੇ ਬਰਾਹਮਣੀ ਧਰਮ ਕਰਮ ਵਿਚ ਹੀ ਨਾ ਅੜੇ ਰਹਿ ਜਾਣ ਜਾਂ ਮੁੜ ਓਥੇ ਜਾ ਫਸਣ, ਉਨ੍ਹਾਂ ਨੂੰ ਉਪਦੇਸ਼ ਦਿਤਾ ਕਿ ਅੰਮ੍ਰਿਤ ਛਕਣ ਤੋਂ ਬਾਦ ਉਨ੍ਹਾਂ ਦਾ ਨਵੇਂ ਧਰਮ ਵਿਚ ਨਵਾਂ ਜਨਮ ਹੁੰਦਾ ਹੈ, ਨਵਾਂ ਨਾਉਂ ਰਖਿਆ ਜਾਂਦਾ ਹੈ, ਪਿਛਲਾ ਸਭ ਧਰਮ-ਨਾਸ, ਕੁਲ-ਨਾਸ ਤੇ ਕਿਰਤ-ਨਾਸ ਹੋ ਗਿਆ ਹੈ ਅਤੇ ਹਿੰਦੂ ਮੁਸਲਮਾਨ ਦੀ ਸਭ ਕਾਣ ਮਿਟ ਗਈ ਹੈ।

ਉਪਰ ਲਿਖੀਆਂ ਗੱਲਾਂ ਗੁਰ-ਵਾਕਾਂ, ਰਹਿਤ ਨਾਮਿਆਂ ਤੇ ਸਿੱਖ ਇਤਿਹਾਸ ਤੋਂ ਸਪਸ਼ਟ ਹਨ। ਪਰ ਕੁਝ ਸਮੇਂ ਤੋਂ ਬਰਾਹਮਣ-ਮਤੀਆਂ ਨੇ ਇਹ ਕਹਿਣਾ ਆਰੰਭ ਕੀਤਾ ਹੋਇਆ ਹੈ ਕਿ ਇਹ ਪਰਚਾਰ ਅੰਗਰੇਜ਼ਾਂ ਦੀ ਸ਼ਹਿ ਤੇ ਕੀਤਾ ਗਿਆ ਹੈ, ਅਤੇ ਇਸ ਦੀ ਜ਼ੁਮੇਵਾਰੀ 'ਸਿਖ ਰਿਲਿਜਨ' ਦੇ ਕਰਤਾ ਮਿਸਟਰ ਮੈਕਾਲਿਫ ਤੇ ਸੁੱਟੀ ਜਾਂਦੀ ਹੈ। 'ਅਮਰਨਾਮਾ' ਸੰਮਤ ੧੭੬੫ ਬਿਕਰਮੀ ਮੁਤਾਬਕ ਸਨ ੧੭੦੮ ਈਸਵੀ ਵਿਚ ਰਚਿਆ ਗਿਆ ਸੀ ਜਿਸ ਨੂੰ ਢਾਈ ਸੌ ਸਾਲ ਹੋਣ ਵਾਲਾ ਹੈ ਅਤੇ ਅੰਗਰੇਜ਼ਾਂ ਦੇ ਪੰਜਾਬ ਵਿਚ ਆਉਣ ਤੋਂ ਇਕ ਸੌ ਇਕਤਾਲੀ ਵਰ੍ਹੇ ਪਹਿਲਾਂ ਦੀ ਗੱਲ ਹੈ। ਢਾਡੀਆਂ ਦੀਆਂ ਵਾਰਾਂ ਸੁਣਨ ਲਈ ਪਰੇਰਨਾ ਕਰਦਾ ਹੋਇਆ ਨੱਥ ਮੱਲ ਬ੍ਰਾਹਮਣਾਂ ਸੰਬੰਧੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਾਂ ਦਾ ਜ਼ਿਕਰ ਇਸ ਤਰ੍ਹਾਂ ਕਰਦਾ ਹੈ :—

ਹਯਾ ਅਜ਼ ਬ੍ਰਹਮਨ-ਪ੍ਰਸਤੀ ਕੁਨੰਦ।
ਕਿ ਈਂ ਚਾਰ ਫ਼ਰਜ਼ੰਦਿ ਮਨ ਕੁਸ਼ਤਾ ਅੰਦ। ੧੪੦।

ਮਕੁਨ ਹਰਚਿ ਗੋਇੰਦ ਕਿਰਿਆ ਕਰਮ।
ਸਦਾ ਮੀ-ਚਿਹੰਦ ਸਿੰਘਿ ਮਾ ਰਾ ਖ਼ਸਮ। ੧੪੧।

ਅਰਥਾਤ—

ਬ੍ਰਾਹਮਣਾਂ ਦੀ ਪੂਜਾ ਸੇਵਾ ਤੋਂ (ਸਿੰਘ) ਸ਼ਰਮ ਕਰਨ ਕਿਉਂਕਿ ਇਨ੍ਹਾਂ ਅਸਾਡੇ ਚਾਰ ਪੁਤਰ ਮਾਰੇ ਹਨ।

ਜੋ ਭੀ ਕਿਰਿਆ-ਕਰਮ ਇਹ ਕਹਿੰਦੇ ਹਨ, ਨਾ ਕਰੋ। ਇਹ ਸਦਾ ਸਾਡੇ ਸਿੰਘਾਂ ਨੂੰ ਦੁਖ ਦਿੰਦੇ ਹਨ।

ਇਸ ਤੋਂ ਬਾਦ ਅੰਤ ਵਿਚ ਢਾਡੀ ਸਿੰਘਾਂ ਨੂੰ ਅੰਮ੍ਰਿਤ ਛਕਣ ਸੰਬੰਧੀ ਸਤਿਗੁਰੂ ਜੀ ਦਾ ਉਪਦੇਸ਼ ਦਿੰਦਾ ਹੋਇਆ ਅਮਰਨਾਮੇ ਨੂੰ ਸਮਾਪਤ ਕਰਦਾ ਹੈ। ਅੰਮ੍ਰਿਤ ਨਾਲ ਬ੍ਰਾਹਮਣੀ ਧਰਮ, ਕੁਲ ਤੇ ਕਿਰਤ ਨਾਸ ਹੋ ਕੇ ਸਿੰਘ 'ਮਾਨੁਸ ਕੀ ਜਾਤ' ਵਿਚ ਇਕ ਹੋ ਜਾਂਦਾ ਹੈ, ਵਿਤਕਰੇ ਮਿੱਟ ਜਾਂਦੇ ਹਨ ਤੇ 'ਨਾਮ' ਦੀ ਚੜ੍ਹਦੀ ਕਲਾ ਵਿਚ ਖਾਲਸਾ 'ਸਰਬਤ ਕਾ ਭਲਾ' ਲੋਚਦਾ ਹੈ।

Sri Satguru Jagjit Singh Ji eLibrary NamdhariElibrary@gmail.com

## ਅਮਰਨਾਮੇ ਦੀ ਸਾਹਿੱਤਕ ਪੜਚੋਲ–

ਜਿਵੇਂ ਪਿੱਛੇ ਇਸ਼ਾਰਾ ਕੀਤਾ ਗਿਆ ਹੈ 'ਅਮਰਨਾਮਾ' ਕੋਈ ਬਹੁਤੀ ਸਾਹਿੱਤਕ ਮਹੱਤਤਾ ਵਾਲੀ ਚੀਜ਼ ਨਹੀਂ ਹੈ। ਇਸ ਦਾ ਕਰਤਾ ਫ਼ਾਰਸੀ ਦਾ ਕੋਈ ਮਾਹਰ ਵਿਦਵਾਨ ਨਹੀਂ ਸੀ। ਆਖ਼ਰ ਢਾਡੀ ਸੀ। ਇਸ ਲਈ ਇਸ ਦੀ ਬੋਲੀ ਵਿਚ ਉਚੇਚੇ ਪੱਧਰ ਦੀ ਸਾਹਿਤਕ ਰੰਗਣ ਦੀ ਆਸ ਹੀ ਨਹੀਂ ਕਰਨੀ ਚਾਹੀਦੀ। ਇਸ ਦੀ ਬੋਲੀ ਇਕਸਾਰ ਭੀ ਨਹੀਂ ਚਲਦੀ। ਕਿਧਰੇ ਪ੍ਰਥਮ ਪੁਰਖ ਇਕ–ਬਚਨ ਵਰਤਿਆ ਹੋਇਆ ਹੈ ਤੇ ਕਿਧਰੇ ਅਨ–ਪੁਰਖ। ਇਸ ਦਾ ਰਚਨਹਾਰ ਢਾਡੀ ਆਪ ਹੈ ਪਰ ਬੋਲੀ ਇਸ ਤਰ੍ਹਾਂ ਦੀ ਵਰਤਦਾ ਹੈ ਕਿ ਜਿਵੇਂ ਖ਼ੁਦ ਗੁਰੂ ਗੋਬਿੰਦ ਸਿੰਘ ਜੀ ਆਖ ਰਹੇ ਹੋਣ। ਰਚਨਾ ਦੇ ਸ਼ੁਰੂ ਤੇ ਅੰਤ ਵਿਚ 'ਸ੍ਰੀ ਮੁਖਵਾਕ ਪਾਤਸ਼ਾਹੀ ਦਸਮ' ਲਿਖਿਆ ਹੋਣ ਕਰਕੇ ਇਸ ਦੇ ਖ਼ੁਦ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੋਣ ਦਾ ਟਪਲਾ ਪੈਣ ਦੀ ਗੁੰਜਾਇਸ਼ ਹੈ ਪਰ ਇਸ ਦੇ ਪੜ੍ਹਣ ਪਿੱਛੋਂ ਇਸ ਪਰਕਾਰ ਦੀ ਕੋਈ ਸ਼ੱਕ ਨਹੀਂ ਰਹਿ ਜਾਂਦੀ। ਇਸ ਦਾ ਵੇਰਵੇ ਸਹਿਤ ਜ਼ਿਕਰ 'ਅਮਰਨਾਮੇ ਦਾ ਕਰਤਾ' ਦੇ ਸਿਰਲੇਖ ਹੇਠ ਦਿੱਤਾ ਜਾ ਚੁਕਾ ਹੈ।

ਨੱਥ ਮੱਲ ਪੰਜਾਬ ਦਾ ਰਹਿਣ ਵਾਲਾ ਸੀ ਤੇ ਪੰਜਾਬੀ ਹੀ ਉਸ ਦੀ ਮਾਦਰੀ ਬੋਲੀ ਸੀ। ਫ਼ਾਰਸੀ ਉਸ ਨੇ ਮਾਮੂਲੀ ਹੀ ਸਿੱਖੀ ਹੋਣੀ ਹੈ। ਢਾਡੀਆਂ ਦਾ ਪਿਤਾ–ਪੁਰਖੀ ਕਿੱਤਾ ਹੋਣ ਕਰਕੇ ਵਾਰਾਂ ਭੀ ਉਹ ਪੰਜਾਬੀ ਵਿਚ ਹੀ ਰਚਦਾ ਸੀ ਜਿਵੇਂ ਕਿ ਗੁਰੂ ਹਰਿਗੋਬਿੰਦ ਜੀ ਦੇ ਜੰਗਾਂ ਦੀਆਂ ਵਾਰਾਂ ਹਨ। ਉਸ ਦੇ ਜਜਮਾਨ (ਖ਼ਾਸ ਕਰਕੇ ਸਿੱਖ ਗੁਰੂ) ਭੀ ਪੰਜਾਬੀ ਹੀ ਸਨ। 'ਅਮਰਨਾਮਾ' ਉਸ ਨੇ ਅਣਸਰਦੇ ਨੂੰ ਫ਼ਾਰਸੀ ਵਿਚ ਰਚਿਆ ਹੈ। ਦਖਣ ਵਿਚ ਪੰਜਾਬੀ ਬੋਲੀ ਸਮਝਣ ਵਾਲੇ ਲੋਕ ਤਾਂ ਹੈ ਹੀ ਨਹੀਂ ਸਨ। ਉੱਚੇ ਤੇ ਦਰਮਿਆਨੇ ਪੱਧਰ ਦੇ ਲੋਕ ਜੋ ਗੁਰੂ ਜੀ ਦੇ ਦਰਬਾਰ ਵਿਚ ਆਉਂਦੇ ਤੇ ਢਾਡੀਆਂ ਦੀਆਂ ਵਾਰਾਂ ਸੁਣਦੇ ਸਨ ਫ਼ਾਰਸੀ ਆਮ ਸਮਝਦੇ ਸਨ। ਇਸ ਲਈ ਸਰੋਤਿਆਂ ਦੀ ਸਹੂਲਤ ਲਈ ਢਾਡੀ ਨੱਥ ਮੱਲ ਨੇ ਭੀ ਫ਼ਾਰਸੀ ਬੋਲੀ ਵਰਤ ਲਈ। ਲੋੜ ਅਨੁਸਾਰ ਵਿਚ ਪੰਜਾਬੀ ਸ਼ਬਦ ਭੀ ਵਰਤ ਲਏ ਹਨ।

ਕਵਿਤਾ ਦੇ ਦਰਿਸ਼ਟੀ ਕੋਣ ਤੋਂ ਭੀ ਇਸ ਦੀਆਂ ਕਈ ਥਾਂਈ ਚੂਲਾਂ ਚੋਖੀਆਂ ਢਿੱਲੀਆਂ ਹਨ। ਤੋਲ ਭੀ ਸਾਰੇ ਥਾਂਈਂ ਪੂਰੇ ਨਹੀਂ ਤੇ ਕਈ ਥਾਂਈਂ ਨੱਥ ਮੱਲ ਤੋਲ ਤੁਕਾਂਤ ਨੂੰ ਨਿਭਾਉਣ ਲਈ ਲਫ਼ਜ਼ ਦੇ ਅਸਲੀ ਰੂਪ ਨੂੰ ਭੰਨ ਤੋੜ ਦਿੰਦਾ ਹੈ ਤੇ ਉਸ ਦੇ ਉਚਾਰਣ ਵਿਚ ਆਪਣੀ ਲੋੜ ਅਨੁਸਾਰ ਅਦਲਾ ਬਦਲੀ ਕਰ ਲੈਂਦਾ ਹੈ। ਚੂੰਕਿ ਕਰਤਾ ਆਪ ਕੋਈ ਬਹੁਤੇ ਉਚੇ ਪਾਏ ਦਾ ਵਿਦਵਾਨ ਨਹੀਂ ਸੀ ਤੇ ਫ਼ਾਰਸੀ ਸ਼ਬਦਾਂ ਦੇ ਠੀਕ ਉਚਾਰਣ ਤੋਂ ਚੰਗੀ ਤਰ੍ਹਾਂ ਜਾਣੂ ਨਹੀਂ ਸੀ, ਇਸ ਲਈ ਕਈ ਥਾਈਂ ਅਮਰਨਾਮੇ ਦੇ ਫ਼ਾਰਸੀ ਸ਼ਬਦ ਆਪਣੇ ਸਹੀ ਹਿਜਿਆਂ ਨਾਲ ਲਿਖੇ ਨਹੀਂ ਮਿਲਦੇ, ਬਲਕਿ ਲਫ਼ਜ਼ਾਂ ਦੇ ਰੂਪ ਆਮ ਗੰਵਾਰੇ ਉਚਾਰਣ ਅਨੁਸਾਰ ਦਿੱਤੇ ਹੋਏ ਹਨ।

ਅਮਰਨਾਮੇ ਦੇ ਫ਼ਾਰਸੀ ਬੰਦਾਂ ਦਾ ਪੰਜਾਬੀ ਅੱਖਰਾਂ ਵਿਚ ਉਤਾਰਾ ਕਰਨ ਵੇਲੇ

Sri Satguru Jagjit Singh Ji eLibrary NamdhariElibrary@gmail.com

ਵਿਸ਼ੇਸ਼ ਧਿਆਨ ਸ਼ੁਧ ਉਚਾਰਣ ਵਲ ਦਿਤਾ ਗਿਆ ਹੈ, ਖ਼ਾਸ ਕਰਕ ਜਿਥੇ ਕਿ ਕਿਸੇ ਫ਼ਾਰਸੀ ਸ਼ਬਦ ਨੂੰ ਅਗਲੇ ਸ਼ਬਦ ਨਾਲ ਸਬੰਧਤ ਕਰਨ ਲਈ ਪਹਿਲੇ ਸ਼ਬਦ ਦੇ ਅੰਤ ਵਿਚ 'ਜ਼ੇਰ' ਦੀ ਵਰਤੋਂ ਕੀਤੀ ਗਈ ਹੈ। ਜੇ 'ਜ਼ੇਰ' ਦੀ ਆਵਾਜ਼ ਮਾਮੂਲੀ ਤੇ ਹਲਕੀ ਹੈ ਤਾਂ ਓਥੇ ਸਿਹਾਰੀ ( ਿ) ਦੀ ਵਰਤੋਂ ਕੀਤੀ ਗਈ ਹੈ ਜਿਵੇਂ ਕਿ 'ਯਜ਼ਦਾਨਿ ਪਾਕ' ਵਿਚ । ਪਰ ਜੇ ਇਹ ਆਵਾਜ਼ ਜ਼ਿਆਦਾ ਉਜਾਗਰ ਤੇ ਲੰਬੀ ਹੈ ਤਾਂ ਓਥੇ ਲਾਂਵ ( ੇ) ਵਰਤੀ ਗਈ ਜਿਵੇਂ ਕਿ 'ਲਬੇ ਗੌਦਰੀ' ਵਿਚ। ਇਸ ਤਰ੍ਹਾਂ ਆਵਾਜ਼ਾਂ ਦਾ ਹਲਕੇ ਜਾਂ ਲੰਬੇ ਹੋਣ ਦਾ ਫ਼ਰਕ ਕੇਵਲ ਕਵਿਤਾ ਵਿਚ ਹੀ ਹੁੰਦਾ ਹੈ। ਨਸਰ ਵਿਚ ਇਹ ਆਵਾਜ਼ ਸਦਾ ਹਲਕੀ ਹੀ ਹੁੰਦੀ ਹੈ। ਇਸ ਲਈ ਓਥੇ ਸਦਾ ਸਿਹਾਰੀ ਹੀ ਲਾਈ ਜਾਂਦੀ ਹੈ।

ਪਾਠਕਾਂ ਦੀ ਸਹੂਲਤ ਲਈ ਅਮਰਨਾਮੇ ਨੂੰ ਫ਼ਾਰਸੀ ਅੱਖਰਾਂ ਵਿਚ ਭੀ ਦੇ ਦਿੱਤਾ ਗਿਆ ਹੈ ਤਾਕਿ ਜੇ ਪੰਜਾਬੀ ਅੱਖਰਾਂ ਵਿਚ ਕਿਧਰੇ ਕੋਈ ਔਕੜ ਭਾਸੇ ਜਾਂ ਕੋਈ ਸ਼ਕ ਪੈ ਜਾਏ ਤਾਂ ਫ਼ਾਰਸੀ ਨਾਲ ਟਾਕਰਾ ਕਰ ਲਿਆ ਜਾਏ । ਇਸ ਤੋਂ ਬਿਨਾ ਫਾਰਸੀ ਪੜ੍ਹਿਆਂ ਲਈ ਇਸ ਦਾ ਫ਼ਾਰਸੀ ਅੱਖਰਾਂ ਵਿਚ ਹੋਣਾ ਅਤਿ ਜ਼ਰੂਰੀ ਸਮਝਿਆ ਗਿਆ ਹੈ ।

ਅੰਤ ਵਿਚ ਮੈਂ ਗਿਆਨੀ ਗੁਰਦਿਤ ਸਿੰਘ ਜੀ ਦਾ ਧੰਨਵਾਦ ਕਰਨਾ ਆਪਣਾ ਫਰਜ਼ ਸਮਝਦਾ ਹਾਂ ਜਿਨ੍ਹਾਂ ਨੇ ਅਮਰਨਾਮੇ ਦੀ ਆਪਣੀ ਲਿਖਤੀ ਪੋਥੀ ਮੈਨੂੰ ਨਾ ਕੇਵਲ ਨਕਲ ਕਰਨ ਲਈ ਹੀ ਦਿੱਤੀ ਬਲਕਿ ਇਸ ਦੇ ਪਰਕਾਸ਼ਤ ਕਰਨ ਦੀ ਭੀ ਆਗਿਆ ਬਖ਼ਸ਼ੀ ਹੈ। ਇਸ ਦੇ ਸੰਪਾਦਨ ਕਰਨ ਵਿਚ ਜਿਸ ਪਿਆਰ ਤੇ ਖੁਲ੍ਹ-ਦਿਲੀ ਨਾਲ ਪ੍ਰੋਫ਼ੈਸਰ ਪ੍ਰੀਤਮ ਸਿੰਘ ਐਮ. ਏ. ਤੇ ਪ੍ਰੋਫ਼ੈਸਰ ਗੁਲਵੰਤ ਸਿੰਘ ਐਮ. ਏ. ਮਹਿੰਦਰਾ ਕਾਲਜ ਪਟਿਆਲਾ; ਅਤੇ ਸ: ਰਣਧੀਰ ਸਿੰਘ ਅੰਮ੍ਰਿਤਸਰ ਵਾਲਿਆਂ ਨੇ ਮੇਰੀ ਸਹਾਇਤਾ ਕੀਤੀ ਹੈ, ਉਸ ਲਈ ਮੈਂ ਉਨ੍ਹਾਂ ਦਾ ਰਿਣੀ ਹਾਂ ।

ਪਟਿਆਲਾ
੮ ਅਪਰੈਲ ੧੯੫੩

ਗੰਡਾ ਸਿੰਘ

——

Sri Satguru Jagjit Singh Ji eLibrary NamdhariElibrary@gmail.com

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ

ਅਥ ਅਮਰਨਾਮਾ ਤਟ ਗੋਦਾਵਰੀ ਸ੍ਰੀ ਮੁਖਵਾਕ ਪਾਤਸ਼ਾਹੀ ੧੦ ॥

ਚੂੰ ਖ਼ੁਦ ਆਤਿਫ਼ਤ ਕਰਦ ਯਜ਼ਦਾਨਿ ਪਾਕ ।
ਜ਼ਮੀਂ ਬਰ ਗ੍ਰਿਫ਼ਤ ਅਜ਼ ਸੁਮਕ ਤਾ ਸੁਮਾਕ ॥੧॥

ਜਦੋਂ ਸੱਚੇ ਕਰਤਾਰ ਆਪ ਮਿਹਰ ਕੀਤੀ, ਪਾਤਾਲ ਤੋਂ ਲੈ ਕੇ ਆਕਾਸ਼ ਤਕ ਸਾਰੀ ਧਰਤੀ ਵਸ ਗਈ ॥ ੧ ॥

ਲਬੇ ਗੋਦਰੀ ਗੁਰ ਬ-ਜ਼ਦ ਖ਼ੈਮਾ ਖ਼ੂਲ ।
ਬ-ਜਾਏ ਕਿ ਆਸੂਦਾ ਅਹਿਲੇ ਕਬੂਲ ॥੨॥

ਗੋਦਰੀ (ਗੁਦਾਵਰੀ) ਦੇ ਕੰਢੇ ਤੇ ਗੁਰੂ (ਜੀ) ਨੇਂ ਇਕ ਐਸੀ ਥਾਂ ਸ਼ਾਨਦਾਰ ਤੰਬੂ ਖ਼ੈਮੇਂ ਲਾ ਦਿੱਤੇ ਜਿੱਥੇ ਕਿ (ਰੱਬ ਦੀ ਦਰਗਾਹ ਵਿਚ) ਪਰਵਾਣ ਹੋਇਆ ਦੀਆਂ ਕਬਰਾਂ ਸਨ ॥੨॥

ਬਸਾ ਕਰਦ ਤੁਰਕਾਨ ਸ਼ੋਰੋ ਫ਼ੁਗਾਂ ।
ਜ਼ ਸਤਗੁਰ ਸ਼ੁਦਾ ਖ਼ਰਕਿ ਆਦਤ ਇਯਾਂ ॥੩॥

ਤੁਰਕਾਂ (ਮੁਸਲਮਾਨਾਂ ਨੇ ਬਹੁਤ ਸ਼ੋਰ ਸ਼ਰਾਬਾ ਕੀਤਾ (ਅਤੇ) ਸਤਿਗੁਰ ਜੀ ਨੇ ਆਪਣੀ ਚਮਤਕਾਰੀ ਕਰਾਮਾਤ ਵਿਖਾਈ ॥ ੩ ॥

ਬ-ਨਾਲੈਨਿ ਚੋਬੀ ਓ ਯਕ ਕੂਜ਼ਾ ਸ਼ੀਰ ।
ਬਿਆਰਾਸਤ ਸੱਜਾਦਾਏ ਚੂੰ ਸਰੀਰ ॥੪॥
ਗਦਾ ਬੂਦ ਆਂ ਜਾ ਯਕੇ ਤੁੰਦ ਖ਼ੂ ।
ਕਿ ਗ਼ੂਲੇ ਬਿਆਬਾਂ ਬ-ਤਸਖ਼ੀਰਿ ਊ ॥੫॥

ਉਥੇ ਇਕ ਕੌੜੇ ਸੁਭਾਓ ਵਾਲਾ ਸਾਧ ਸੀ ਜਿਸ ਦੇ ਕਿ ਵੱਸ ਵਿਚ ਜੰਗਲੀ ਭੂਤ ਪਰੇਤ ਸਨ । ਉਸ ਕੋਲ ਲੜਕੀ ਦੀਆਂ ਖੜਾਵਾਂ ਤੇ ਦੁਧ ਦੀ ਇਕ ਗੜਵੀ ਸੀ ਤੇ ਉਸ ਨੇ ਆਪਣਾ ਆਸਣ ਸ਼ਾਹੀ ਤਖ਼ਤ (ਰਾਜ ਸਿੰਘਾਸਨ) ਵਾਂਙੂ ਸਜਾਇਆ ਹੋਇਆ ਸੀ ॥ ੪ ॥੫॥

ਦਿਲਸ਼ ਬੇ-ਮੁਹੱਬਤ ਸਰਸ਼ ਪੁਰ-ਗ਼ਰੂਰ
ਕਿ ਅਜ਼ ਆਬਿਦੋ ਹਕ-ਪ੍ਰਸਤਾਂ ਨਫ਼ੂਰ ॥੬॥

ਉਸ ਦਾ ਦਿਲ ਪਿਆਰ ਤੋਂ ਖਾਲੀ ਤੇ ਦਿਮਾਗ਼ ਹੰਕਾਰ ਨਾਲ ਭਰਿਆ ਹੋਇਆ

Sri Satguru Jagjit Singh Ji eLibrary NamdhariElibrary@gmail.com

ਸੀ ਤੇ ਉਹ ਭਗਤਾਂ ਤੇ ਰੱਬ ਦੇ ਉਪਾਸਕਾਂ ਨੂੰ ਘਿਰਣਾ ਕਰਦਾ ਸੀ ॥ ੬ ॥

ਕਿ ਬਾ ਮਨ ਚੁਨਾਂ ਗੁਫਤ ਬਾਤਲ਼ ਸੁਖ਼ਨ।
ਕਿ ਬਰ ਨੁਸਰਤੇ ਸ਼ਾਹ ਲਾਫ਼ੇ ਮਜ਼ਨ ॥੭॥

ਉਸ ਨੇ ਮੈਨੂੰ ਇਉਂ ਕੂੜੀ ਗੱਲ ਆਖੀ ਕਿ ਬਾਦਸ਼ਾਹ ਦੀ ਯਾਰੀ ਤੇ ਫੜ ਨਾ ਮਾਰ ॥ ੭ ॥

ਬ-ਸਾਲ ਅੰਦਰ ਆਯਦ ਗ੍ਰਹਣ ਆਫ਼ਤਾਬ।
ਮਨੀਂ ਬਾ ਹਜ਼ਾਰਾਂ ਬ-ਕਰਦਮ ਖ਼ਿਤਾਬ ॥੮॥

ਇਕ ਸਾਲ ਵਿਚ ਸੂਰਜ ਨੂੰ ਗ੍ਰਹਣ ਲਗਦਾ ਹੈ, ਮੈਂ ਹਜ਼ਾਰਾਂ (ਹੀ ਆਦਮੀਆਂ) ਨੂੰ ਸੰਬੋਧਨ ਕਰ ਕੇ ਇਹ ਗੱਲ ਕਹੀ ॥ ੮ ॥

ਪ੍ਰਸਤਸ਼ ਬ-ਆਈਨਿ ਗੁਰ ਨਾਨਕ ਅਸਤ।
ਦਰੀਂ ਹੀਚ ਅੰਦੇਸ਼ਾ-ਓ ਨੈ ਸ਼ਕ ਅਸਤ ॥੯॥

ਉਸ ਦਾ ਪਾਠ ਪੂਜਾ ਦਾ ਢੰਗ ਗੁਰੂ ਨਾਨਕ ਦੇ ਤਰੀਕੇ ਤੇ ਹੈ। ਇਸ ਗੱਲ ਵਿਚ ਮੈਨੂੰ ਕੋਈ ਭਉ ਤੇ ਸ਼ਕ ਨਹੀਂ ॥੯ ॥

ਸੂਏ ਗੋਦਰੀ ਬੰਦਾ ਰਫ਼ਤਾ-ਉ-ਪਸ।
ਸਰੇ ਬਿਸਤਰਜ਼ ਮਾਂਦ ਬੇ-ਹੀਚ ਕਸ ॥੧੦॥

ਬੰਦਾ ਗੁਦਾਵਰੀ ਵਲ ਗਿਆ। ਉਸ ਦੇ ਪਿਛੋਂ ਉਸ ਦੇ ਬਿਸਤਰੇ ਤੇ ਕੋਈ ਨਹੀਂ ਸੀ ॥ ੧੦ ॥

ਹਯੱਬਰੇ ਮਨ ਆਨਸਤ ਫ਼ਰਮਾਂ ਪਜ਼ੀਰ।
ਹਮਾਂ ਗੋਸਫੰਦਾਨਿ ਬੰਦਾ ਬ-ਗੀਰ ॥੧੧॥

ਮੇਰੇ ਸਿੰਘ ਅਜਿਹੇ ਆਗਿਆਕਾਰ ਹਨ ਕਿ (ਜਦ ਉਨ੍ਹਾਂ ਨੂੰ ਕਿਹਾ ਕਿ) ਬੰਦੇ ਦੀਆਂ ਸਾਰੀਆਂ ਬੱਕਰੀਆਂ ਫੜ ਲਉ ॥ ੧੧ ॥

ਚੁ ਸ਼ੇਰ ਆਂ ਚੁਨੀਂ ਹੁਕਮਿ ਮਾਰਾ ਸ਼ੁਨੀਦ।
ਸੂਏ ਗੋਸਫੰਦਾਨ ਖ਼ੰਜਰ ਕਸ਼ੀਦ ॥੧੨।

ਸਿੰਘਾਂ ਨੇ ਸਾਡਾ ਅਜਿਹਾ ਹੁਕਮ ਸੁਣਿਆ (ਤੇ) ਬੱਕਰੀਆਂ ਉਨ੍ਹਾਂ ਨੇ ਝਟਕਾ ਦਿੱਤੀਆਂ ॥ ੧੨ ॥

ਵਹੂਸ਼ਾਂ ਦਵਾਂ ਚੂੰ ਸਬਾ ਆਮਦੰਦ।
ਪਏ ਪੁਖ਼ਤਨਸ਼ ਬਰਮਲਾ ਆਮਦੰਦ ॥੧੩॥

ਜਾਂਗਲੀ ਲੋਕ ਹਵਾ ਦੀ ਤਰਾਂ ਦੌੜੇ ਆਏ। ਉਨ੍ਹਾਂ ਨੂੰ ਪਕਾਉਣ ਲਈ ਪਰਤੱਖ ਤਤਪਰ ਹੋ ਆਏ ॥ ੧੩ ॥

Sri Satguru Jagjit Singh Ji eLibrary NamdhariElibrary@gmail.com

ਚੁ ਮਨ ਕਰਦ ਖ਼ੈਰਾਤ ਅਜ਼ ਹਰ ਦੋ ਦਸਤ ।
ਦਰੇ ਖ਼ੈਰ ਜੁਜ਼ ਖ਼ਾਕਰੂਬਾਂ ਬ-ਬਸਤ ॥੧੪॥

ਜਦ ਮੈਂ ਦੋਹੀਂ ਹੱਥੀਂ (ਵਧ ਚੜ੍ਹ ਕੇ) ਦਾਨ ਦਿੱਤਾ, ਦਾਨ ਦਾ ਦਰ ਚੂੜ੍ਹਿਆਂ (ਗ਼ਰੀਬ ਗੁਰਬੇ) ਤੋਂ ਬਿਨਾ ਸਭ ਲਈ ਬੰਦ ਕਰ ਦਿੱਤਾ ॥ ੧੪ ॥

ਯਕੇ ਫ਼ੀਲਾ-ਓ-ਪੰਜ ਮੇਸ਼ਾਨਿ ਨਰ ।
ਬੁਲੰਦੋ ਕਵੀ ਜੁੱਸਾ-ਓ ਫ਼ਰਬਾ ਤਰ ॥੧੫॥

ਇਕ ਹਾਥੀ, ਪੰਜ ਸੰਢੇ ਉਚੇ ਕਦ ਦੇ, ਤਕੜੇ ਜੁੱਸੇ ਵਾਲੇ ਤੇ ਮੋਟੇ ਤਾਜ਼ੇ (ਦਾਨ ਦਿੱਤੇ) ॥ ੧੫ ॥

ਵ ਮਨ ਬਾ ਕਸੇ ਮਾਦਾ ਗਾਵਾਂ ਨ ਦਾਦ ।
ਕਿ ਹਰਗਿਜ਼ ਬ-ਦਸਤੇ ਵਹੂਸ਼ਾਂ ਨ-ਦਾਦ ॥੧੬॥

ਪਰ ਮੈਂ ਕਿਸੇ ਨੂੰ ਗਊਆਂ ਨਾ ਦਿੱਤੀਆਂ । ਕਦਾਚਿਤ ਜਾਂਗਲੀਆਂ ਦੇ ਹੱਥ ਨਾਂ ਦਿੱਤੀਆਂ ॥ ੧੬ ॥

ਚੂੰ ਖ਼ੈਰਾਤ ਬਾ-ਖ਼ਾਕਰੂਬਾਂ ਸਪੁਰਦ ।
ਅਜ਼ਾਂ ਬਾਦ ਮਨ ਜਸ਼ਨਿ ਸ਼ਹਾਨਾ ਕਰਦ ॥੧੭॥

ਜਦੋਂ ਦਾਨ ਚੂੜ੍ਹਿਆਂ ਨੂੰ ਦਿੱਤਾ ਗਿਆ । ਉਸ ਤੋਂ ਬਾਦ ਮੈਂ ਸ਼ਾਹਾਨਾ ਜਸ਼ਨ ਕੀਤਾ ॥ ੧੭ ॥

ਦਰਾਂ ਵਕਤ ਯਕ ਪਾਸਿ ਆਂ ਰੂਜ਼ ਬੂਦ ।
ਸਰਾਈਦ ਢਾਡੀ ਸਰੂਦੋ ਸਰੂਦ ॥੧੮॥

ਉਸ ਵੇਲੇ ਦਿਨ ਇਕ ਪਹਿਰ ਰਹਿੰਦਾ ਸੀ (ਅਰ ਰਾਤ ਲੌਂਢੇ ਵੇਲਾ ਸੀ) ਢਾਡੀ ਨੇ (ਕਈ) ਗਾਉਣ ਗਾਏ (ਕਈ ਵਾਰਾਂ ਲਾਈਆਂ) ॥ ੧੮ ॥

ਬ-ਔਕਾਤਿ ਅਰਦਾਸ ਸ਼ੀਰੀਂ ਤੁਆਮ ।
ਅਦਾ ਕਰਦ ਰਹਿਰਾਸ ਹੰਗਾਮਿ ਸ਼ਾਮ ॥੧੯॥

ਸ਼ਾਮ ਦੇ ਵੇਲੇ ਰਹੁਰਾਸ ਪੜ੍ਹੀ ਗਈ (ਤੇ) ਅਰਦਾਸ ਦੇ ਸਮੇਂ (ਤੋਂ ਬਾਦ) ਕੜਾਹ ਪਰਸ਼ਾਦ ਵੰਡਿਆ ਗਿਆ ॥ ੧੯ ॥

ਕਿ ਮਨ ਭੋਗਿ ਰਹਿਰਾਸ ਬਾ ਖ਼ੁਦ ਸਿਤਾਦ ।
ਅਜ਼ਾਂ ਪਸ ਬ-ਸਿੰਘਾਨ ਫ਼ਰਮਾਂ ਬਿਦਾਦ ॥੨੦॥

ਮੈਂ ਰਹੁਰਾਸ ਦਾ ਪਰਸਾਦ ਨਾਲ ਲੈ ਲਿਆ । ਉਸ ਤੋਂ ਬਾਦ ਸਿੰਘਾਂ ਨੂੰ ਆਗਿਆ ਕੀਤੀ । ੨੦ ।

Sri Satguru Jagjit Singh Ji eLibrary NamdhariElibrary@gmail.com

ਹਮਾਂ ਗ਼ੁਸਲਿ ਫ਼ਰਹਤ ਬ-ਫ਼ਰਹਤ ਕੁਨੇਦ।
ਬ-ਇਸਮੇ ਗੁਰੂ ਨਾਨਕ ਹਿੰਮਤ ਕੁਨੇਦ ॥੨੧॥

(ਕਿ) ਸਾਰੇ ਮੌਜਾਂ ਨਾਲ ਇਸ਼ਨਾਨ ਕਰੋ (ਅਤੇ) ਗੁਰੂ ਨਾਨਕ ਦਾ ਨਾਉਂ ਲੈ ਕੇ ਖੁਸ਼ੀਆਂ ਮਨਾਓ। ੨੧।

ਹਯੱਬਰਾਂ ਚੁਨੀਂ ਫ਼ਿਹਲੇ ਬਾਦ ਅਜ਼ ਸਮਾਅ।
ਕਿ ਗਾਵਾਂ ਨ-ਦਾਦ਼ਾ ਵਹੂਸ਼ਾਨ ਰਾ ॥੨੨॥

ਸਿੰਘਾਂ ਨੇ ਇਹ ਕਰਨ ਦਾ ਹੁਕਮ ਸੁਣਨ ਪਿਛੋਂ ਗਾਈਆਂ ਜਾਂਗਲੀਆਂ ਨੂੰ ਨਾਂ ਦਿੱਤੀਆਂ। ੨੨।

ਬ-ਦਿਲ ਦਾਸ਼ਤਮ ਹੁਕਮਿ ਪਰਵਰਦਗਾਰ।
ਨਾ ਮਾਨਿੰਦਿ ਊ ਦੀਗਰੇ ਜ਼ੀਨਹਾਰ ॥੨੩॥

ਦਿਲ ਵਿਚ ਪਰਵਰਦਗਾਰ (ਵਾਹਿਗੁਰੂ ਦੀ ਯਾਦ ਸੀ। ਕੋਈ ਹੋਰ (ਇਸ਼ਟ) ਉਸ (ਅਕਾਲ ਪੁਰਖ ਪ੍ਰਭੂ) ਦੇ ਟਾਕਰੇ ਦਾ ਹਰਗਿਜ਼ ਨਹੀਂ। ੨੩।

ਸਰੇ ਇਕਤਿਦਾਏ ਹਨੂਦਾਂ ਮਦਾਰ।
ਜ਼ਿ ਮਾਬੂਦਿ ਮਨ ਬਾਸ਼ ਉੱਮੀਦਵਾਰ ॥੨੪॥

ਹਿੰਦੂਆਂ ਦੇ ਰਾਹ ਤੇ ਚੱਲਣ ਦਾ ਖਿਆਲ (ਭੀ) ਨਾ ਕਰੋ। ਮੇਰੇ ਪੂਜਨੀਕ (ਅਕਾਲ ਪੁਰਖ) ਪਰ ਆਸ ਰੱਖੋ। ੨੪।

ਬ-ਪੀਸ਼ਸ਼ ਸਰੇ ਬੰਦਗੀ ਦਾਸ਼ਤਮ।
ਕਿ ਜ਼ੋ ਕੁਦਰਤੋ ਅਜ਼ਮਤੇ ਯਾਫ਼ਤਮ ॥੨੫॥

ਮੈਂ ਉਸੇ ਇਕ (ਸਰਬ-ਸ਼ਕਤੀਮਾਨ) ਪ੍ਰਭੂ ਦੇ ਹਜ਼ੂਰ ਬੰਦਗੀ ਲਈ ਸਿਰ ਲਿਵਾਂਦਾ ਹਾਂ ਕਿਉਂਕਿ ਉਸੇ ਤੋਂ ਮੈਂ ਤਾਕਤ ਤੇ ਵਡਿਆਈ ਪਾਈ ਹੈ। ੨੫।

ਕਿ ਅਜ਼ ਗੋਦਰੀ ਬੰਦਾ ਆਮਦ ਬਿਰੂੰ।
ਹਮਾ ਦੀਦਾ ਊ ਗੋਸਫ਼ੰਦਾਂ ਬ-ਖ਼ੂੰ ॥੨੬॥

(ਜਦ) ਬੰਦਾ ਗੋਦਾਵਰੀ ਤੋਂ ਬਾਹਰ ਆਇਆ ਤੇ ਸਾਰੀਆਂ ਬਕਰੀਆਂ ਲਹੂ ਲੁਹਾਣ ਵੇਖੀਆਂ। ੨੬।

ਰਵਾਂ ਕਰਦ ਆਂ ਸੂਇ ਮਨ ਪੰਜ ਬੀਰ।
ਪਏ ਕੁਸ਼ਤਨਮ ਬੂਦ ਹਰ ਯਕ ਸ਼ਰੀਰ ॥ ੨੭ ॥

ਉਸ ਨੇ ਮੇਰੇ ਉਤੇ ਪੰਜ ਬੀਰ ਭੇਜੇ। ਉਹ ਹਰ ਇਕ ਮੈਨੂੰ ਮਾਰਨ ਲਈ ਉਤਾਵਲਾ ਸੀ। ੨੭।

Sri Satguru Jagjit Singh Ji eLibrary NamdhariElibrary@gmail.com

ਬਸਾ ਬਰ ਸਰਮ ਦਾਸ਼ਤ ਬੀਰਾਂ ਬਲਾ।
ਮਨ ਏਮਨ ਸ਼ੁਦਾ ਦਰ ਪਨਾਇ ਖ਼ੁਦਾ ॥੨੮॥

ਬੀਰਾਂ ਨੇ ਮੇਰੇ ਉਤੇ ਕਈ ਬਲਾਵਾਂ ਲਿਆਂਦੀਆਂ (ਪਰ) ਮੈਂ ਅਕਾਲ ਪੁਰਖ ਦੀ ਸਰਨ ਵਿਚ ਬਚਿਆ ਰਿਹਾ। ੨੮।

ਹਮਾ ਵਕਤ ਬੀਰਾਂ ਦਰ ਜੰਗ ਬਸਤ।
ਕਿ ਗਸ਼ਤੰਦ ਸਿੰਘਾਨਿ ਮਨ ਚੀਰਾ ਦਸਤ ॥੨੯॥

ਉਸੇ ਵੇਲੇ ਬੀਰਾਂ ਨੇ ਜੰਗ ਬੰਦ ਕਰ ਦਿੱਤੀ ਕਿਉਂ ਜੋ ਮੇਰੇ ਸਿੰਘ ਉਨ੍ਹਾਂ ਤੇ ਭਾਰੂ ਹੋ ਗਏ ਸਨ। ੨੯।

ਸੂਇ ਬੰਦਾ ਰਫ਼ਤੰਦ ਬੀਰਾਂ ਜ਼ਬੂੰ।
ਕਿ ਜ਼ੀਂ ਜੰਗਿ ਸਤਗੁਰ ਸਦਾ ਗ਼ਰਕਿ ਖ਼ੂੰ ॥੩੦॥

ਬੀਰ ਠਿੱਠ ਹੋ ਕੇ ਬੰਦੇ ਕੋਲ ਗਏ ਕਿਉਂਕਿ ਉਹ ਸਤਿਗੁਰ ਨਾਲ ਲੜਾਈ ਵਿਚ ਲਹੂ-ਲੁਹਾਣ ਹੋ ਗਏ ਸਨ। ੩੦।

ਬਦੂ ਗੁਫ਼ਤ ਬੀਰਾਂ ਕਿ ਅਫ਼ਸੁਰਦਾਇਮ।
ਜ਼ ਸਤਗੁਰ ਬ-ਦੁਸ਼ਵਾਰ ਜਾਂ ਬੁਰਦ ਏਮ ॥੩੧॥

ਬੀਰਾਂ ਉਸ ਨੂੰ ਆਖਿਆ ਕਿ ਅਸੀਂ ਭੱਜ ਟੁਟ ਗਏ ਤੇ ਬੜੀ ਮੁਸ਼ਕਲ ਨਾਲ ਸਤਿਗੁਰ ਤੋਂ ਜਾਨ ਬਚਾਈ ਹੈ। ੩੧।

ਬਸਾ ਬੀਰ ਸ਼ੁਦ ਬਰ ਗੁਰੂ ਜਾਂ-ਨਿਸਾਰ।
ਬ-ਹਮਰਾਹੀਅਸ਼ ਗਸ਼ਤ ਗ਼ੈਬੀ ਸਵਾਰ ॥੩੨॥

ਹੋਰ ਬਹੁਤ ਸਾਰੇ ਬੀਰ ਗੁਰੂ ਤੋਂ ਜਾਨ ਵਾਰਨ ਲਈ ਤਿਯਾਰ ਹੋ ਗਏ ਸਨ ਤੇ ਉਸ ਦੇ ਨਾਲ ਗੁਪਤ ਘੋੜ-ਚੜ੍ਹੇ ਹੋ ਗਏ ਸਨ। ੩੨।

ਨ ਤਰਸੇਮ ਅਜ਼ ਯੋਗਨੀ ਸ਼ਿਸਤੋ ਚਾਰ।
ਜ਼ ਬੀਰਾਨਿ ਪੰਜਾਹ—ਦੋ ਤੀਰ ਬਾਰ ॥੩੩॥

ਨਾ ਅਸੀਂ ਚੌਹਠ ਜੋਗੀਆਂ ਤੋਂ ਡਰਦੇ ਹਾਂ ਅਤੇ ਨਾ ਬਵੰਜਾ ਤੀਰ ਵਰਸਾਉਣ ਵਾਲੇ ਬੀਰਾਂ ਤੋਂ। ੩੩।

ਤਰੀਕੇ ਗੁਰੂ ਅਜ਼ ਖ਼ਾਸਤੇਮ।
ਕਿ ਜਾਂ ਰਾ ਸਲਾਮਤ ਅਜ਼ੀਂ ਦਾਸ਼ਤੇਮ ॥੩੪॥

ਅਸਾਂ ਗੁਰੂ ਤੋਂ ਗੁਰੂ ਦੇ ਪੰਥ (ਵਿਚ ਆਉਣ) ਦੀ ਬੇਨਤੀ ਕੀਤੀ, ਕਿਉਂ ਜੋ ਅਸੀਂ ਜਾਨ ਦਾ ਬਚਾਉ ਇਸੇ ਗੱਲ ਵਿਚ ਵੇਖਦੇ ਸਾਂ ॥ ੩੪ ॥

Sri Satguru Jagjit Singh Ji eLibrary NamdhariElibrary@gmail.com

ਨੰਦੇੜ ਅੰਦਰਾਂ ਬੰਦਾ ਆਵਰੁਦ ਤਾਖ਼ਤ ।
ਗਰੋਹੇ ਹਨੂਦਾਂ ਫ਼ਰਾਹਮ ਬਸਾਖ਼ਤ ॥੩੫॥

ਬੰਦਾ ਨੰਦੇੜ ਵਲ ਭੱਜਾ ਗਿਆ ਅਤੇ ਬਹੁਤ ਸਾਰੇ ਹਿੰਦੂ ਇਕੱਠੇ ਕਰ ਲਏ ॥੩੫॥

ਗੁਰੂ ਗੋਸਫ਼ੰਦਾਨਿ ਮਨ ਕੁਸ਼ਤਾ ਕਰਦ ।
ਬ-ਸੂਰਜ ਗ੍ਰਿਹ ਚੰਦ ਤਾ ਕੁਸ਼ਤਾ ਕਰਦ ॥੩੬॥

(ਤੇ ਉਨ੍ਹਾਂ ਨੂੰ ਕਿਹਾ) ਕਿ ਗੁਰੂ ਨੇ ਮੇਰੀਆਂ ਬਕਰੀਆਂ ਮਾਰ ਦਿੱਤੀਆਂ ਹਨ (ਤੇ) ਸੂਰਜ ਗ੍ਰਹਿਣ ਵੇਲੇ ਇਨ੍ਹਾਂ ਕਈਆਂ ਨੂੰ ਮਾਰਿਆ ਹੈ ॥੩੬॥

ਹਨੂਦਾਂ ਸੂਏ ਬੰਦਾ ਕਰਦੰਦ ਨਿਗਾਹ ।
ਵ ਬੁਰਦੰਦ ਫ਼ਰਯਾਦਿ ਖ਼ੁਦ ਪੀਸ਼ਿ ਸ਼ਾਹ ॥੩੭॥

ਹਿੰਦੂਆਂ ਨੇ ਬੰਦੇ ਵਲ ਧਿਆਨ ਕੀਤਾ ਤੇ ਉਹ ਅਪਣੀ ਫ਼ਰਿਆਦ ਬਾਦਸ਼ਾਹ ਕੋਲ ਲੈ ਕੇ ਗਏ ॥੩੭॥

ਹਮਾ ਮਾਲਦਾਰਾਨੋ ਮੀਰੋ ਵਜ਼ੀਰ ।
ਬ-ਦਰਗਾਹਿ ਸੁਲਤਾਂ ਮੁਕੱਰਬ ਕਸੀਰ ॥੩੮॥

ਸਾਰੇ ਧਨੀਆਂ, ਅਮੀਰਾਂ ਤੇ ਵਜ਼ੀਰਾਂ ਨੇ ਜੋ ਕਈ ਬਾਦਸ਼ਾਹ ਦੇ ਦਰਬਾਰ ਦੇ ਨਿਕਟ ਵਰਤੀ ਸਨ । ੩੮॥

ਬਪੀਸ਼ੇ ਸ਼ਹਨਸ਼ਾਹ ਆਵਾਜ਼ ਦਾਦ ।
ਗੁਰੂ ਕਰਦ ਮਾ ਹਿੰਦੂਆਂ ਰਾ ਬਰਬਾਦ ॥੩੯॥

ਸ਼ਹਿਨਸ਼ਾਹ ਦੇ ਸਾਮ੍ਹਣੇ ਪੁਕਾਰ ਕੀਤੀ (ਕਿ) ਗੁਰੂ ਨੇ ਸਾਨੂੰ ਹਿੰਦੂਆਂ ਨੂੰ ਬਰਬਾਦ ਕਰ ਦਿੱਤਾ ਹੈ ॥੩੯॥

ਹਮਾ ਮੁਸਤਗੀਸੋ ਹਮਾ ਦਾਦ ਖ਼ਾਹ ।
ਹਮਾ ਈਸਤਾਦਾ ਬ-ਹਾਲੇ ਤਬਾਹ ॥੪੦॥

ਸਾਰੇ ਫ਼ਰਿਆਦੀ ਤੇ ਨਿਆਂ ਮੰਗਣ ਵਾਲੇ ਮੰਦੇ ਹਾਲੀਂ ਬਾਦਸ਼ਾਹ ਦੇ ਹਜ਼ੂਰ ਖਲੋਤੇ ਸਨ ॥੪੦॥

ਬ-ਫ਼ਰਯਾਦ ਇਜ਼ਹਾਰਿ ਅਹਿਵਾਲ ਕਰਦ ।
ਸ਼ਹਨਸ਼ਾਹ ਅੰਦੇਸ਼ਾ ਫ਼ਿਲਹਾਲ ਕਰਦ ॥੪੧॥

ਉਨ੍ਹਾਂ ਰੋ ਪਿੱਟ ਕੇ ਹਾਲ ਦੱਸਿਆ । ਸ਼ਹਿਨਸ਼ਾਹ ਉਸ ਵੇਲੇ ਸੋਚੀਂ ਪੈ ਗਿਆ ॥ ੪੧ ॥

ਜ਼ ਵੁਜ਼ਰਾਇ ਸੁਲਤਾਂ ਬੁਦਾ ਨੰਦ ਲਾਲ ।

Sri Satguru Jagjit Singh Ji eLibrary NamdhariElibrary@gmail.com

ਸ਼ੁਦਾ ਹਮਰਹੇ ਸ਼ਾਹਿ ਵਾਲਾ-ਕਮਾਲ ॥੪੨॥

ਬਾਦਸ਼ਾਹ ਦੇ ਵਜ਼ੀਰਾਂ ਵਿਚੋਂ ਇਕ ਨੰਦ ਲਾਲ ਸੀ ਜੋ ਪ੍ਰਭੁਤਾ-ਸ਼ੀਲ ਬਾਦਸ਼ਾਹ ਦੇ ਨਾਲ ਸੀ ॥੪੨॥

ਹਮਾ ਖ਼ੇਲਿ ਹਿੰਦੂ ਬ-ਸਦ ਬੇਕਸੀ।
ਬਰਜ਼ਤੰਦ ਬਾ ਸ਼ਾਹ ਬਰ ਗੋਦਰੀ ॥੪੩॥

ਸਾਰੇ ਹਿੰਦੂ ਬੜੀ ਬੇ-ਕਸੀ ਨਾਲ ਬਾਦਸ਼ਾਹ ਦੇ ਨਾਲ ਗੋਦਾਵਰੀ ਤੇ ਗਏ ॥੪੩॥

ਦਰਾਂ ਵਕਤ ਖ਼ੁਸ਼ ਬੂਦ ਬਾ ਸਦ ਤਰਬ।
ਖ਼ਿਆਲੇ ਗੁਰੂ ਸੂਏ ਦਰਗਾਹੇ ਰਬ ॥੪੪॥

ਉਹ ਸੈਂਕੜਿਆਂ ਖੁਸ਼ੀਆਂ ਵਾਲਾ ਇਕ ਬੜਾ ਸੁਹਾਵਣਾ ਸਮਾਂ ਸੀ, ਗੁਰੂ ਸਾਹਿਬ ਦਾ ਧਿਆਨ ਰੱਬ ਦੀ ਦਰਗਾਹ ਵਲ ਜੁੜਿਆ ਹੋਇਆ ਸੀ ॥ ੪੪ ॥

ਸ਼ਹਨਸ਼ਾਹ ਜਵਾਹਰ ਪਏ ਨਜ਼ਰ ਦਾਦ।
ਗਹੁਰ ਬਰ ਕਫ਼ੇ ਦਸਤਿ ਸਤਗੁਰ ਨਿਹਾਦ ॥੪੫॥

ਸ਼ਹਿਨਸ਼ਾਹ ਨੇ ਹੀਰੇ ਭੇਟ ਕੀਤੇ ਅਤੇ ਇਕ ਮੋਤੀ ਸਤਿਗੁਰੂ ਦੇ ਹੱਥ ਦੀ ਤਲੀ ਤੇ ਰੱਖਿਆ ॥੪੫॥

ਗਹੁਰ ਗੁਰ ਬ-ਦਰਯਾ ਬ-ਪਰਦਾਖ਼ਤਾ।
ਸ਼ਹਨਸ਼ਹ ਅਜ਼ੀਂ ਹੈਰਤੇ ਸਾਖ਼ਤਾ ॥੪੬॥

ਗੁਰੂ ਜੀ ਨੇ ਮੋਤੀ ਦਰਿਆ ਵਿਚ ਸੁੱਟ ਦਿੱਤਾ । ਸ਼ਹਿਨਸ਼ਾਹ ਇਸ਼ ਤੋਂ ਬੜਾ ਹੈਰਾਨ ਹੋਇਆ ॥੪੬॥

ਬ-ਫ਼ਰਮੂਦ ਸਤਿਗੁਰ ਬ-ਸੁਲਤਾਂ ਸੁਖ਼ਨ।
ਗੁਹਰ ਨਜ਼ਰ ਮੀਖ਼ਾਸਤ ਦਰਯਾ ਜ਼-ਮਨ ॥੪੭॥

ਸਤਿਗੁਰ ਨੇ ਸੁਲਤਾਨ ਨੂੰ ਇਉਂ ਫ਼ਰਮਾਇਆ : ਦਰਿਆ ਮੇਰੇ ਕੋਲੋਂ ਮੋਤੀ ਦੀ ਭੇਟ ਮੰਗਦਾ ਸੀ ॥੪੭॥

ਸ਼ਹਨਸ਼ਹ ਕਰਾਮਾਤਿ ਸਤਗੁਰ ਸ਼ੁਨੀਦ।
ਸ਼ੁਦਾ ਦਸਤ-ਬਸਤਾ ਬ-ਇਜਜ਼ੇ ਮਜ਼ੀਦ ॥੪੮॥

ਸ਼ਹਿਨਸ਼ਾਹ ਨੇ ਸਤਿਗੁਰ ਦੀ ਵਡਿਆਈ ਸੁਣੀ (ਹੋਈ ਸੀ)। ਉਸ ਨੇ ਬੜੀ ਨਿਮ੍ਰਤਾ ਨਾਲ ਹੱਥ ਜੋੜੇ ॥੪੮॥

ਚੂੰ ਸਤਗੁਰ ਨ ਦੀਦਾ ਨਿਗਾਹੇ ਬਦਸ਼।
ਨਿਸ਼ਾਂਦਾ ਜ਼-ਅਲਤਾਫ਼ ਬਰ ਮਸਨਦਸ਼ ॥੪੯॥

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਨੇ ਚੂੰਕਿ ਉਸ ਦੀ ਅੱਖ ਮੈਲੀ ਨਾ ਦੇਖੀ, ਕਿਰਪਾ ਕਰ ਕੇ ਉਸ ਨੂੰ ਤਖ਼ਤ ਤੇ ਬਿਠਾ ਲਿਆ ।।੪੯।।

ਬਿਯਾਂ ਕਰਦ ਸੁਲਤਾਨ ਈਂ ਮਾਜਰਾ ।
ਕਿ ਬੁਰਦੰਦ ਹਿੰਦੂ ਬੁਕਾ ਬਰ ਸਮਾ ।।੫੦।।

ਬਾਦਸ਼ਾਹ ਨੇ ਇਹ ਸਾਰੀ ਵਾਰਤਾ ਕਹਿ ਸੁਣਾਈ ਕਿ ਹਿੰਦੂਆਂ ਨੇ ਹਾਲ-ਪੁਕਾਰ ਨਾਲ ਅਸਮਾਨ ਸਿਰ ਤੇ ਚੁਕ ਲਿਆ ਹੈ ।।੫੦।।

ਚੂੰ ਮਨ ਗੁਫ਼ਤ ਬਾ ਸ਼ਾਹ ਇਨਸਾਫ਼ ਕੁਨ ।
ਕਿ ਖ਼ੁਰਸ਼ੀਦ ਰਾ ਅਜ਼ ਗ੍ਰਹਿ ਸਾਫ਼ ਕੁਨ ।।੫੧।।

ਜਦ ਮੈਂ ਬਾਦਸ਼ਾਹ ਨੂੰ ਕਿਹਾ ਕਿ ਤੂੰ ਇਨਸਾਫ਼ ਕਰ ਤੇ ਸੂਰਜ ਨੂੰ ਗ੍ਰਹਿਣ ਤੋਂ ਮੁਕਤ ਕਰ ।।੫੧।।

ਸੁਖ਼ਨ ਗੁਫ਼ਤ ਹਿੰਦੂ ਬ-ਸ਼ਾਹੇ ਜ਼ਮਾਂ ।
ਗ੍ਰਹਿ ਕਰਦ ਖ਼ੁਰਸ਼ੀਦ ਰਾ ਰਾਕਸ਼ਾਂ ।।੫੨।।

ਹਿੰਦੂਆਂ ਨੇ ਸਮੇਂ ਦੇ ਬਾਦਸ਼ਾਹ ਨੂੰ ਕਿਹਾ ਕਿ ਰਾਖਸ਼ਾਂ ਨੇ ਹੀ ਤਾਂ ਸੂਰਜ ਨੂੰ ਗ੍ਰਹਿਣਿਆਂ ਹੋਇਆ ਹੈ ।।੫੨।।

ਬਸੇ ਰਾਜ਼ ਈਂ ਕਰਦ ਮਨ ਖ਼ੁਦ ਇਯਾਂ ।
ਤੁਆਮੇ ਹੁਮਾ ਦਾਦਾ-ਅਮ ਬਰ ਹੁਮਾਂ ।।੫੩।,

(ਫਿਰ) ਮੈਂ ਇਸ (ਸ਼ਿਕਾਇਤ ਵਾਲੀ) ਗੱਲ ਦੇ ਬਹੁਤ ਸਾਰੇ ਭੇਦ ਆਪ ਖੋਲ੍ਹੇ (ਤੇ ਕਿਹਾ) ਮੈਂ ਹੁਮਾ ਦੀ ਖ਼ੁਰਾਕ ਹੀ ਹੁਮਾ ਨੂੰ ਦਿੱਤੀ ਹੈ ।।੫੩।

ਸ਼ਰਾਬੋ ਕਬਾਬ ਅਸਤ ਈਂ ਰਾ ਗ਼ਜ਼ਾ ।
ਅਜ਼ੀਂ ਗੋਸਫ਼ੰਦਾਂ ਬ-ਕਰਦਮ ਅਤਾ ।।੫੪।।

ਸ਼ਰਾਬ ਕਬਾਬ ਇਨ੍ਹਾਂ (ਜਾਂਗਲੀਆਂ, ਚੂੜ੍ਹਿਆਂ) ਦਾ ਖਾਜਾ ਹੈ, ਇਸ ਲਈ ਮੈਂ ਬਕਰੀਆਂ ਇਨ੍ਹਾਂ ਨੂੰ ਬਖਸ਼ੀਆਂ ਸਨ ।।੫੪।।

ਹਨੂਦਾਂ ਹਮਾ ਨਾਦਮੋ ਸ਼ਰਮਸਾਰ ।
ਸੂਏ ਖ਼ਾਨਾਏ ਖ਼ੇਸ਼ ਰਫ਼ਤੰਦ ਜ਼ਾਰ ।।੫੫।।

ਸਾਰੇ ਹਿੰਦੂ ਬਹੁਤ ਸ਼ਰਮਿੰਦੇ ਤੇ ਠਿੱਠ ਹੋਏ ਤੇ ਨਿੰਮੋ-ਝੂਣੇ ਆਪਣੇ ਆਪਣੇ ਘਰਾਂ ਨੂੰ ਮੁੜ ਗਏ ।।੫੫।।

ਕਦਮ ਬੋਸੀਏ ਮਨ ਦਰਾਂ ਦਮ ਸ਼ੁਦਾ ।
ਤਲਬਗਾਰਿ ਲੁਤਫ਼ੋ ਤੁੱਹਮ ਸ਼ੁਦਾ ।।੫੬।।

Sri Satguru Jagjit Singh Ji eLibrary NamdhariElibrary@gmail.com

ਉਹ (ਬੰਦਾ) ਮੇਰੇ ਚਰਨੀ ਢਹਿ ਪਿਆ (ਤੇ) ਰਹਿਮ ਦੀ ਕਿਰਪਾ-ਦ੍ਰਿਸ਼ਟੀ ਦਾ ਜਾਚਕ ਹੋਇਆ ।।੫੬।।

ਫ਼ਰਿਸਤਾਦਨਸ਼ ਸੂਇ ਪੰਜਾਬ ਕਰਦ ।
ਮਏ ਪੰਜ ਸਿੰਘਾਨਿ ਆਜ਼ਾਦ ਮਰਦ ।।੫੭।।

ਮੈਂ ਪੰਜ ਸੁਤੰਤਰ-ਚਿੱਤ ਸਿੰਘਾਂ ਸਮੇਤ ਉਸ ਨੂੰ ਪੰਜਾਬ ਵਲ ਜਾਣ ਦੀ ਆਗਿਆ ਕੀਤੀ ।।੫੭।।

ਚੂ ਫ਼ਰਮਾਨਿ ਏਜ਼ਦ ਅਤਾ ਸ਼ੁਦ ਬ-ਮਨ ।
ਅਮਲ ਕਰਦਾ ਅਜ਼ ਦਿਲ ਬ-ਦਾਰੁਲ-ਮਹਨ ।।੫੮।।

ਜਿਵੇਂ ਮੈਨੂੰ ਪ੍ਰਭੂ ਦਾ ਹੁਕਮ ਹੋਇਆ ਤਿਵੇਂ ਮੈਂ ਇਸ ਦੁਖਾਂ-ਭਰੀ ਦੁਨੀਆਂ ਵਿਚ ਤਨੋਂ ਮਨੋਂ ਅਮਲ ਕੀਤਾ ।।੫੮।।

ਕੁਨਮ ਤਰਜ਼ਿ ਗੁਫ਼ਤਾਰ ਚੂੰ ਰਾਸਤਾਂ ।
ਰਜੂਅ ਸ਼ੁਦ ਬ-ਮਨ ਪਾਇ ਦਿਲ-ਖ਼ਸਤਗਾਂ ।।੫੯।।

ਮੈਂ ਸੱਚੇ ਆਦਮੀਆਂ ਦੀ ਤਰ੍ਹਾਂ ਗੱਲ-ਬਾਤ ਕਰਦਾ ਹਾਂ । ਕਈ ਦਿਲ ਟੁੱਟੇ ਨਿਤਾਣਿਆਂ ਦੀ ਮੇਰੇ ਵਲ ਰੁਚੀ ਹੋ ਗਈ ।।੫੯।।

ਅਜ਼ਾਂ ਕੂਦਕਾਂ ਹਾਲ-ਪੁਰਸ਼ਾਂ ਨਮਾਂਦ ।
ਜ਼ ਉਸਤਾਦਿ ਦਾਨਿੰਦਾ ਨਾਦਾਂ ਸ਼ੁਦਾਂਦ ।।੬੦।।

ਉਨ੍ਹਾਂ ਛੋਕਰਿਆਂ ਦਾ ਹਾਲ ਪੁੱਛਣ ਵਾਲਾ ਕੋਈ ਨਹੀਂ ਰਹਿੰਦਾ ਜੋ ਅਕਲ ਦੇ ਪੁੰਜ ਗੁਰੂ ਤੋਂ ਵਾਂਝੇ ਹੋ ਕੇ ਮੂਰਖ ਰਹਿ ਜਾਂਦੇ ਹਨ ।।੬੦।।

ਮਰਾ ਅਜਮ ਸ਼ੁਦ ਸੂਇ ਦਾਰੁਲ-ਬਕਾ ।
ਫ਼ਜ਼ਾਏ ਸਲਾਮਤ ਬ-ਦਾਰਦ ਖ਼ੁਦਾ ।।੬੧।।

ਮੇਰਾ ਇਰਾਦਾ ਸਦਾ ਕਾਇਮ ਰਹਿਣ ਵਾਲੀ ਥਾਂ (ਪ੍ਰਭ-ਲੋਕ) ਨੂੰ ਜਾਣ ਦਾ ਹ ਗਿਆ ਜਿੱਥੇ ਕਿ ਵਾਹਿਗੁਰੂ ਵਲੋਂ ਸਲਾਮਤੀ ਦਾ ਨਿਵਾਸ ਹੈ ।। ੬੧ ।।

ਬਮਾਨੰਦ ਸਿੰਘਾਨਿ ਮਨ ਬਰ-ਕਰਾਰ ।
ਸਮਾਅਤ ਨਮਾਇੰਦ ਅਜ਼ ਢਾਡੀ ਵਾਰ ।।੬੨।।

ਮੇਰੇ ਸਿੰਘ ਸਦਾ ਅਡੋਲ-ਚਿੱਤ ਰਹਿਣਗੇ ਤੇ ਢਾਡੀਆਂ ਤੋਂ ਵਾਰਾਂ ਸੁਣਦੇ ਰਹਿਣਗੇ ।।੬੨।।

ਕਿ ਢਾਡੀ ਮਰਾ ਮਿਸਲਿ ਸਿੰਘਾਂ ਬਵਦ ।
ਸਫ਼ਰ-ਨਾਮਾ ਈਂ ਢਾਡੀ ਰਾ ਜਾਂ ਬਵਦ ।।੬੩।।

Sri Satguru Jagjit Singh Ji eLibrary NamdhariElibrary@gmail.com

ਢਾਡੀ ਮੇਰੇ ਲਈ ਸਿੰਘਾਂ ਵਾਂਗ ਹੀ ਹਨ। ਇਹ ਸਫ਼ਰਨਾਮਾ (ਅਮਰਨਾਮਾ) ਢਾਡੀਆਂ ਲਈ ਜਾਨ ਦੇ ਬਰਾਬਰ (ਪਿਆਰਾ) ਹੋਵੇਗਾ ॥੬੩॥

ਬ-ਢਾਡੀ ਕਿ ਮਨ ਕਰਦ ਫ਼ਰਮਾਂ ਚੁਨਾਂ।
ਸਫ਼ਰ-ਨਾਮਾ ਦਰ ਪੀਸ਼ਿ ਸਿੰਘਾਂ ਬਖਾਂ ॥੬੪॥

ਢਾਡੀਆਂ ਨੂੰ ਮੈਂ ਇਹ ਆਗਿਆ ਕੀਤੀ (ਕਿ ਇਹ) ਅਮਰਨਾਮਾ ਸਿੰਘਾਂ ਦੇ ਸਾਹਮਣੇ ਪੜ੍ਹਿਆ ਕਰੋ ॥੬੪॥

ਚੂੰ ਸਿੰਘਾਨਿ ਢਾਡੀ ਬ-ਦੌਲਤ ਜਿਹਦ।
ਬ-ਢਾਡੀ ਹਮੀਂ ਮਿਲਕੋ ਦੌਲਤ ਰਸਦ ॥੬੫॥

ਜਦੋਂ ਢਾਡੀ ਸਿੰਘ ਚੜ੍ਹਦੀਆਂ ਕਲਾਂ ਵਿਚ ਹੋਣਗੇ, ਤਾਂ ਢਾਡੀਆਂ ਨੂੰ ਮਿਲਖ (ਧਨ ਦੌਲਤ) ਪ੍ਰਾਪਤ ਹੋਵੇਗੀ ॥ ੬੫ ॥

ਬ-ਨੰਦੇੜ ਆਬਾਦ ਬੁਦ ਸਿੰਘਿ ਮਨ।
ਬ-ਤਲਬੀਦ ਬਰ ਚਾਰਪਾਈ ਕਫ਼ਨ ॥੬੬॥

ਨੰਦੇੜ ਵਿੱਚ ਮੇਰਾ ਇਕ ਸਿੰਘ ਰਹਿੰਦਾ ਸੀ, ਕਿ ਉਸ ਨੂੰ ਮੰਜੀ ਤੇ ਹੀ ਖ਼ਫ਼ਨ ਦੀ ਲੋੜ ਪੈ ਗਈ ॥੬੬॥

ਬ-ਨਜ਼ਦੀਕਿ ਊ ਹੀਚ ਇਨਸਾਂ ਨ ਬੂਦ।
ਬ-ਮਨ ਈਂ ਖ਼ਬਰ ਜ਼ੂਦ ਸਿੰਘਾਂ ਨਮੂਦ ॥੬੭॥

ਉਸ ਦੇ ਕੋਲ ਕੋਈ ਆਦਮੀ ਨਹੀਂ ਸੀ, ਸਿੰਘਾਂ ਨੇ ਇਹ ਖ਼ਬਰ ਛੇਤੀ ਹੀ ਮੇਰੇ ਕੋਲ ਪਹੁੰਚਾ ਦਿੱਤੀ ॥੬੭॥

ਕਿ ਬਰ ਚਾਰਪਾਈ ਬਦਾਦ ਅਸਤ ਜਾਂ।
ਬ-ਦਰਗਾਹ ਸ਼ੁਦ ਬਖ਼ਸ਼ਿਸ਼ੇ ਊ ਚਸਾਂ ॥ ੬੮ ॥

ਕਿ ਸਿੰਘ ਜੀ ਚਾਰਪਾਈ ਤੇ ਹੀ ਪੂਰੇ ਹੋ ਗਏ ਨੇ, ਦਰਗਾਹ ਵਿਚ ਉਸ ਦੀ ਮੁਕਤੀ ਕਿਵੇਂ ਹੋਵੇਗੀ ? ॥੬੮॥

ਬਾ-ਦਰਯਾ ਸਪੁਰਦੇਮ ਯਾ ਸ਼ੋਖ਼ਤੇਮ।
ਸ਼ਵਦ ਹਰ ਚਿ ਫ਼ਰਮਾਂ ਬ-ਵੈ ਦੋਖ਼ਤੇਮ ॥੬੯॥

(ਉਸ ਨੂੰ) ਦਰਿਆ ਵਿਚ ਪਰਵਾਹ ਦੇਈਏ ਜਾਂ ਫੂਕ ਦੇਈਏ, ਜੋ ਹੁਕਮ ਹੋਵੇ ਸੋ ਕਰ ਦੇਈਏ ॥੬੯॥

ਬ-ਆਂ ਗੁਫ਼ਤ ਮਨ ਹਮਚੂ ਮਿਸਕੀਂ ਗ਼ਰੀਬ।
ਮਕੁਨ ਫ਼ਿਕ੍ਰਿ ਆਂ ਗਸ਼ਤ ਜੰਨਤ ਨਸੀਬ ॥੭੦॥

Sri Satguru Jagjit Singh Ji eLibrary NamdhariElibrary@gmail.com

ਮੈਂ ਉਨ੍ਹਾਂ ਨੂੰ ਕਿਹਾ ਕਿ ਫ਼ਿਕਰ ਨਾ ਕਰੋ, ਉਹ ਨਿੰਮ੍ਰਤਾ ਭਰੇ ਬੰਦਿਆਂ ਵਾਂਗੂ ਸੁਰਗਾਂ ਦਾ ਭਾਗੀ ਹੋ ਗਿਆ ਹੈ ॥੭੦॥

ਖ਼ਿਆਲਸ਼ ਦਮੇ ਵਾਪਸੀਂ ਸੂਇ ਮਨ।
ਅਜ਼ੀਂ ਆਂ ਸ਼ੁਦਾ ਜੰਨਤੀ ਬੇਸੁਖ਼ਨ ॥੭੧॥

ਅਖ਼ੀਰਲੇ ਵੇਲੇ ਉਸ ਦਾ ਧਿਆਨ ਸਾਡੀ ਵਲ ਸੀ, ਇਸ ਕਰਕੇ ਉਹ ਬਿਨਾਂ-ਸ਼ੱਕ ਸੁਰਗ ਦਾ ਵਾਸੀ ਹੋ ਗਿਆ ਹੈ ॥ ੭੧ ॥

ਅਰਜ਼ਦਾਸ਼ਤ ਕਰਦਾ ਬ-ਗੰਗਾ ਕੁਨੇਦ।
ਨ ਅੰਦੇਸ਼ਾ-ਓ-ਫ਼ਿਕਰ ਈਂਜਾ ਕੁਨੇਦ ॥੭੨॥

ਅਰਦਾਸ ਕਰ ਕੇ ਇਸ ਨੂੰ ਗੰਗਾ ਵਿਚ ਪਰਵਾਹ ਦਿਓ। ਇਸ ਵਿਚ ਕੋਈ ਫ਼ਿਕਰ ਅੰਦੇਸ਼ਾ ਨਾ ਕਰੋ ॥੭੨॥

ਤਲਬ ਕੁਨ ਬਰਾਹਮਨ ਨ ਅਸਲਾਫ਼ਿ ਊ।
ਬ-ਖ਼ਾਂ ਵਾਰਿ ਨਥ ਮਲਬ-ਢਾਡੀ ਬਗੂ ॥੭੩॥

ਨਾ ਬ੍ਰਾਹਮਣ ਨੂੰ ਸੱਦੋ ਤੇ ਨਾ ਉਸ (ਸਿੰਘ) ਦੇ ਪਿੱਤਰਾਂ ਦਾ ਪਤਾ ਕਰੋ। ਢਾਡੀ ਨੂੰ ਕਹੋ ਕਿ ਨੱਥ ਮੱਲ ਦੀ ਵਾਰ ਲਾਵੇ ॥੭੩॥

ਸ਼ਵਦ ਇਸਮਿ ਯਜ਼ਦਾਂ ਬ-ਵਿਰਦੇ ਜ਼ਬਾਂ।
ਬ-ਦਰਯਾਇ ਗੰਗਾ ਕੁਨੰਦ ਊ ਰਵਾਂ ॥੭੪॥

ਵਾਹਿਗੁਰੂ ਦਾ ਨਾਮ ਜਪੋ (ਤੇ) ਉਸ ਨੂੰ ਗੰਗਾ ਦਰਿਆ ਵਿਚ ਪਰਵਾਹ ਦਿਓ ॥੭੪॥

ਸੁਨੀਦਮ ਅਜ਼ੀਂ ਪੇਸ਼ਤਰ ਈਂ ਸੁਖ਼ਨ।
ਗੁਰੂ ਪੰਜਮ ਅਰਜਨ ਬ-ਗੁਫ਼ਤਾ ਜ਼-ਮਨ ॥੭੫॥

ਇਸ ਤੋਂ ਪਹਿਲਾਂ ਮੈਂ ਇਹ ਗੱਲ ਸੁਣੀ ਹੈ। ਪੰਜਵੇਂ ਗੁਰੂ ਅਰਜਨ ਨੇ ਸਾਨੂੰ ਇਉਂ ਫ਼ੁਰਮਾਇਆ ਹੈ ॥੭੫॥

ਕਿ ਕਰਤਾਰਪੁਰ ਥਮ ਸ਼ਕਰ ਗੰਜ ਬੂਦ।
ਯਕੇ ਸਿਖ ਬਕਾਲੇ ਕਿ ਮਸਕਨ ਨਮੂਦ ॥੭੬॥

ਕਿ ਕਰਤਾਰਪੁਰ ਵਿਚ ਸ਼ਕਰਗੰਜ (ਇਕ ਖੂਹ ਤੇ) ਥੰਮ ਸੀ। ਇਕ ਸਿੱਖ ਬਕਾਲ (ਪਿੰਡ) ਦਾ ਵਸਨੀਕ ਸੀ ॥੭੬॥

ਬਸਾ ਮਰਦਿ ਮਿਸਕੀਨ ਆਜਿਜ਼ ਗ਼ਰੀਬ।
ਯਕੇ ਜ਼ੌਜਾ-ਓ ਯਕ ਸਤੂਰੇ ਅਜ਼ੀਜ਼ ॥੭੭॥

Sri Satguru Jagjit Singh Ji eLibrary NamdhariElibrary@gmail.com

ਉਹ ਬਹੁਤ ਗਰੀਬ ਤੇ ਭਲਾ ਲੋਕ ਸੀ । ਇਕ ਉਸ ਦੀ ਵਹੁਟੀ ਤੇ ਇਕ ਪਿਆਰਾ ਘੋੜਾ ਸੀ ॥੭੭॥

ਪਿਦਰ ਦਾਸ਼ਤ ਪੀਰੇ ਓ ਦੇਰੀਨਾ ਸਾਲ ।
ਬ-ਨਰ ਗਾਓ ਯਕ ਦੀਗਰੇ ਮਿਜ਼ਰਹ ਫ਼ਾਲ ॥੭੮॥

ਉਸ ਦਾ ਪਿਤਾ ਬਹੁਤ ਬਿਰਧ ਸੀ । ਇਕ ਬਲਦ ਤੇ ਕੁਝ ਭੋਏਂ ਦਾ ਟੋਟਾ (ਓਸ ਦੀ ਪੂੰਜੀ ਸੀ) ॥੭੮॥

ਪਏ ਕਾਸ਼ਤਨ ਰਫ਼ਤ ਫ਼ਸਲੇ ਖ਼ਰੀਫ਼ ।
ਜ਼ਨਸ਼ ਰਫ਼ਤ ਬ-ਆਬੋ ਤੁਆਮੇ ਲਤੀਫ਼ ॥੭੯॥

ਉਹ ਸਾਉਣੀ ਬੀਜਣ ਗਿਆ । ਉਸ ਦੀ ਵਹੁਟੀ ਚੰਗੀ ਰੋਟੀ ਤੇ ਪਾਣੀ ਲੈ ਕੇ ਗਈ ॥੭੯॥

ਪਿਦਰ ਰਾ ਬ-ਹੁਕਮੇ ਇਲਾਹੀ ਸਪੁਰਦ ।
ਕਿ ਆਂ ਮਰਦ ਬਰ ਚਾਰਪਾਈ ਬ-ਮੁਰਦ ॥੮੦॥

ਪਿਤਾ ਨੂੰ ਰੱਬ ਦੇ ਹਵਾਲੇ ਛੱਡ ਗਈ, ਤੇ ਉਹ ਮਨੁੱਖ ਮੰਜੀ ਤੇ ਕਾਲ-ਵੱਸ ਹੋ ਗਿਆ ॥੮੦॥

ਸੂਏ ਖਾਨਾ ਚੂੰ ਮਰਦੋ ਜ਼ਨ ਆਮਦੰਦ ।
ਅਜ਼ੀਂ ਹਾਦਿਸਾ ਦਰ ਸੁਖ਼ਨ ਆਮਦੰਦ ॥੮੧॥

ਜਦੋਂ (ਉਹ) ਮਨੁੱਖ ਤੇ ਜ਼ਨਾਨੀ ਘਰ ਵਲ ਆਏ, ਇਸ ਘਟਨਾ ਦੀ ਚਰਚਾ ਛਿੜ ਪਈ ॥੮੧॥

ਦੁ ਨਾਮੇ ਗੁਰੂ ਗੁਫ਼ਤ ਮਰਦੇ ਸਈਦ ।
ਮਏ ਚਾਰਪਾਈ ਬ-ਜੰਨਤ ਰਸੀਦ ॥੮੨॥

ਚੂੰਕਿ ਉਸ ਸੁਭਾਗੇ ਮਨੁੱਖ ਨੇ ਗੁਰੂ ਦਾ ਨਾਉਂ ਲਿਆ ਸੀ, ਇਸ ਲਈ ਉਹ ਸਣੇ ਚਾਰਪਾਈ ਸੁਰਗ ਵਿਚ ਪਹੁੰਚ ਗਿਆ ॥ ੮੨ ॥

ਬ ਪੁਰਸੀਦ ਆਂ ਅਜ਼ ਬਰਹਮਨ ਖ਼ਿਤਾਬ ।
ਬਰਹਮਨ ਬ-ਆਂ ਮਰਦ ਗੁਫਤਾ ਜਵਾਬ ॥੮੩॥

ਉਸ (ਸਿੱਖ) ਨੇ ਬ੍ਰਾਹਮਣ ਤੋਂ ਪੁੱਛਿਆ (ਤਾਂ) ਬ੍ਰਾਹਮਣ ਨੇ ਉਸ ਆਦਮੀ ਨੂੰ (ਇਉਂ) ਜਵਾਬ ਦਿੱਤਾ ॥੮੩॥

ਗੁਨਹਗਾਰ ਪਿਦਰਤ ਗੁਜ਼ਸ਼ਤ ਅਜ਼ ਜਹਾਂ ।
ਬ-ਤਦਬੀਰਿ ਮਾ ਜੂਦ ਯਾਬਦ ਅਮਾਂ ॥੮੪॥

Sri Satguru Jagjit Singh Ji eLibrary NamdhariElibrary@gmail.com

ਤੇਰਾ ਪਿਤਾ ਸੰਸਾਰ ਤੋਂ ਪਾਪੀ ਹੋ ਕੇ ਗੁਜ਼ਰਿਆ ਹੈ। ਮੇਰੇ ਉਪਾਉ ਨਾਲ ਛੇਤੀ ਹੀ ਉਸ ਦਾ ਕਲਿਆਣ ਹੋਵੇਗਾ ॥੮੪॥

ਚੁਨੀਂ ਗੁਫ਼ਤ ਆਂ ਖ਼ਸਤਾਏ-ਤੇਗ਼ਿ ਗ਼ਮ।
ਕਿ ਅਰਸ਼ਾਦ ਬਾਸ਼ਦ ਅਮਲ ਆਂ ਕੁਨਮ। ੮੫॥

ਹੱਥ ਜੋੜ ਕੇ ਗ਼ਮ ਨਾਲ ਉਸ (ਸਿੱਖ) ਨੇ ਇਉਂ ਕਿਹਾ, ਕਿ ਜਿਵੇਂ ਹੁਕਮ ਹੋਵੇ ਮੈਂ ਓਹੀ ਕਰਮ ਕਰਾਂ ॥੮੫॥

ਬ-ਦੁਨੀਆ ਮਰਾ ਇੱਜ਼ੋ ਤੌਕੀਰ ਬਾਦ।
ਨਜਾਤੇ ਪਿਦਰ ਅਜ਼ ਤੋ ਦਾਰਮ ਮੁਰਾਦ ॥੮੬॥

ਸੰਸਾਰ ਵਿਚ ਮੇਰੀ ਇੱਜ਼ਤ ਆਬਰੂ ਬਣੀ ਰਹੇ, ਪਿਤਾ ਦੇ ਕਲਿਆਣ ਦੀ ਤੈਥੋਂ ਇੱਛਾ ਰਖ਼ਦਾ ਹਾਂ ॥੮੬॥

ਬਰਹਮਨ ਬ-ਦੂ ਗੁਫ਼ਤ ਦੀਨਾਰ ਆਰ।
ਬਦਿਹ ਰਾਹਬੇ ਖ਼ੇਸ਼ ਰਾ ਬੇ-ਸ਼ੁਮਾਰ ॥੮੭॥

ਬ੍ਰਾਹਮਣ ਨੇ ਕਿਹਾ, ਟਕੇ ਲਿਆ, ਅਰ ਆਪਣੇ ਪ੍ਰੋਹਤ ਨੂੰ ਅਣਗਿਣਤ (ਦਾਨ) ਦੇਹਿ ॥ ੮੭ ॥

ਪਿਦਰ ਰਾ ਬ-ਆਤਸ਼ ਜ਼ਦਾ ਖ਼ਾਕ ਕੁਨ।
ਬ-ਗੰਗਾ ਕਿ ਖ਼ੈਰਾਤਿ ਬੇ-ਬਾਕ ਕੁਨ ॥੮੮॥

ਪਿਤਾ ਨੂੰ ਛੇਤੀ ਅਗਨੀ ਨਾਲ ਦਾਹ ਕਰ ਅਤੇ ਗੰਗਾ ਪਰ ਖੁੱਲ੍ਹਾ ਦਾਨ ਕਰ ॥੮੮॥

ਜ਼ ਗੰਗਾ ਬਿਯਾ ਜ਼ੂਦ, ਬਰ ਰੂਇ ਚਾਹ।
ਤੁਰਾ ਆਬਨਸ਼ੀ ਨਾ ਬਾਸ਼ਦ ਗੁਨਾਹ॥ ੮੯ ॥

ਗੰਗਾ ਤੋਂ ਛੇਤੀ ਹੋ ਆ (ਫੇਰ) ਤੈਨੂੰ ਖੂਹੋਂ ਪਾਣੀ ਪੀਣਾ ਪਾਪ ਨਹੀਂ ਹੋਵੇਗਾ ॥੮੯॥

ਸੁਲਹ ਕਰਦ ਅਜ਼ ਜ਼ਨ ਚੂ ਆਂ ਸਿਖ ਮਰਦ।
ਪਿਦਰ ਰਾ ਦਰ ਆਤਸ਼ ਹਮਹ ਸੋਖ਼ਤ ਕਰਦ ॥੯੦॥

ਉਸ ਸਿੱਖ ਨੇ ਜਦ ਵਹੁਟੀ ਨਾਲ ਸਲਾਹ ਕੀਤੀ, ਪਿਤਾ ਨੂੰ ਅਗਨੀ ਭੇਟ ਕੀਤਾ ॥੯੦॥

ਚੂ ਨਰ-ਗਾਵਿ ਖ਼ੁਦ ਮਰਦਿ ਸਿਖ ਬਰ ਫ਼ਰੋਖ਼ਤ।
ਮਏ ਜ਼ਨ ਸੂਏ ਗੰਗਾ ਰਾਹੇ ਬਦੋਖ਼ਤ ॥੯੧॥

Sri Satguru Jagjit Singh Ji eLibrary NamdhariElibrary@gmail.com

ਆਪਣੇ ਬਲਦ ਨੂੰ ਸਿੱਖ ਨੇ ਵੇਚ ਦਿੱਤਾ (ਤੇ) ਇਸਤਰੀ ਸਣੇ ਗੰਗਾ ਦੇ ਰਾਹ ਪਿਆ ।।੯੧।।

ਹਮਹ ਕੀਮਤਸ਼ ਬਾ ਬਰਹਮਨ ਸਪੁਰਦ ।
ਵਲੇ ਆਂ ਸਿਹ ਦੀਨਾਰ ਬਾ ਜ਼ਨ ਸਪੁਰਦ ।।੯੨।।

ਸਾਰੀ ਉਸ ਦੀ ਕੀਮਤ (ਵੱਟਤ) ਬ੍ਰਾਹਮਣ ਨੂੰ ਦੇ ਦਿੱਤੀ, ਪਰ ਤਿੰਨ ਦੀਨਾਰ ਵਹੁਟੀ ਨੂੰ ਦੇ ਦਿੱਤੇ ।।੯੨।।

ਨਾ ਕੁਛ ਜ਼ੇਵਰੇ ਜ਼ਨ ਬ-ਨਿਜ਼ਦਸ਼ ਬਮਾਂਦ ।
ਜ਼ ਸ਼ਹਿਰੇ ਬਕਾਲਾ ਰਵਾਂ ਸ਼ੁਦ ਨਮਾਂਦ ।।੯੩।।

ਜ਼ਨਾਨੀ ਦਾ ਕੁਝ ਗਹਿਣਾ ਭੀ ਉਸ ਦੇ ਕੋਲ ਨਾ ਰਿਹਾ । ਉਹ ਬਕਾਲੇ ਸ਼ਹਿਰ ਤੋਂ ਤੁਰ ਪਏ ।।੯੩।।

ਜ਼ਨੋ ਮਰਦ ਕਰਦਾ ਅਬੂਰੇ ਬਿਆਸ ।
ਰਸੀਦੰਦ ਕਰਤਾਰਪੁਰ ਦਰ ਹਰਾਸ ।।੯੪।।

ਇਸਤ੍ਰੀ ਪੁਰਖ ਨੇ ਬਿਆਸਾ ਪਾਰ ਕੀਤਾ ਤੇ ਘਾਬਰੇ ਹੋਏ ਕਰਤਾਰ ਪੁਰ ਪੁੱਜੇ ।।੯੪।

ਬ-ਜ਼ਨ ਗੁਫ਼ਤ ਈਂ ਕਾਰਿ ਔਲਾ ਕੁਨਮ ।
ਜ਼ਿਆਰਤ ਬ-ਸਤਗੁਰ ਮਨ ਈਂਜਾ ਕੁਨਮ ।।੯੫।।

(ਸਿੱਖ ਨੇ) ਇਸਤ੍ਰੀ ਨੂੰ ਕਿਹਾ ਪਹਿਲਾਂ ਇਹ ਉਤਮ ਕੰਮ ਕਰਾਂ ਕਿ ਇਥੇ ਮੈਂ ਸਤਿਗੁਰ ਦੇ ਦਰਸ਼ਨ ਕਰ ਲਵਾਂ ।।੯੫।।

ਚਿਹ ਖ਼ੁਸ਼ ਗੁਫ਼ਤ ਜਨ ਗੁਫ਼ਤ ਕਾਰੇ ਸਈਦ ।
ਕਿ ਬਾਦ ਅਜ਼ ਜ਼ਿਆਰਤ ਬ-ਗੰਗਾ ਰਸੀਦ ।।੯੬।।

ਇਸਤ੍ਰੀ ਨੇ ਕਿਹਾ : 'ਕਿਹੀ ਚੰਗੀ ਆਖੀ ਹੈ, ਇਹ ਕੰਮ ਉੱਤਮ ਹੈ ।' ਦਰਸ਼ਨ ਤੋਂ ਬਾਦ ਗੰਗਾ ਚਲੇ ਜਾਵਾਂਗੇ ।।੯੬।।

ਬ-ਪੀਸ਼ੇ ਗੁਰੂ ਆਂ ਨਿਹਾਦਾ ਨਿਆਜ਼ ।
ਸਲ੍ਹਾਮੇ ਦੋ-ਦਸਤਾ ਬ-ਆਂ ਕਰਦ ਬਾਜ਼ ।।੯੭।।

ਗੁਰੂ (ਜੀ) ਦੇ ਸਾਮ੍ਹਣੇ ਓਸ ਨੇ ਭੇਟ ਰੱਖੀ । ਉਸ ਤੋਂ ਬਾਦ ਦੋ ਹੱਥ ਜੋੜ ਕੇ ਬੰਦਨਾ ਕੀਤੀ ।।੯੭।।

ਬਸਾ ਕਰਦ ਆਂ ਸਿਖ ਸਨਾਏ ਗੁਰੂ ।
ਗੁਰੂ ਕਰਦ ਅਲਤਾਫ਼ ਬਰ ਆਲਿ ਊ ।੯੮।।

Sri Satguru Jagjit Singh Ji eLibrary NamdhariElibrary@gmail.com

ਉਸ ਸਿੱਖ ਨੇ ਗੁਰੂ ਜੀ ਦੀ ਬੜੀ ਸਿਫ਼ਤ ਸਲਾਹ ਕੀਤੀ। ਗੁਰੂ ਜੀ ਨੇ ਉਸ ਨੂੰ ਤੇ ਉਸ ਦੇ ਪਰਵਾਰ ਨੂੰ ਅਸ਼ੀਰਵਾਦ ਦਿੱਤੀ ॥੯੮॥

ਗੁਰੂ ਗਿਰੀਆ ਕਰਦਾ ਰਾ ਪੁਰਸੀਦ ਹਾਲ।
ਕੁਜਾ ਮੀਰਵੀ ਐ ਸਤੂਦਾ ਖ਼ਿਸਾਲ ॥੯੯॥

ਗੁਰੂ ਜੀ ਨੇ ਹੰਝੂ-ਕੇਰਦੇ (ਸਿੱਖ( ਕੋਲੋਂ ਹਾਲ ਪੁਛਿਆ। ਭਲਿਆ ਲੋਕਾ, ਕਿੱਥੇ ਚੱਲਿਆ ਏਂ ॥੯੯॥

ਚੂ ਪਿਦਰਮ ਬ-ਬਰ ਚਾਰਪਾਈ ਬ-ਮੁਰਦ।
ਬਰਹਮਨ ਮਰਾ ਗ਼ੁਸਲਿ ਗੰਗਾ ਫ਼ਮੁਰਦ ॥੧੦੦॥

ਮੇਰਾ ਪਿਤਾ ਚੂੰਕਿ ਮੰਜੇ ਉਤੇ ਮਰ ਗਿਆ, ਬ੍ਰਾਹਮਣ ਨੇ ਮੈਨੂੰ ਗੰਗਾ-ਅਸ਼ਨਾਨ ਦਸਿਆ ਹੈ ॥੧੦੦॥

ਜ਼ਰਾਇਤ ਜ਼ ਨਰ-ਗਾਓ ਈਂ ਕਾਰ ਬੂਦ।
ਮਰਾ ਫ਼ਿਕਰਿ ਰੋਜ਼ੀ ਨਾ ਜ਼ਿਨਹਾਰ ਬੂਦ ॥੧੦੧॥

ਬਲਦਾਂ ਨਾਲ ਖੇਤੀ ਕਰਨਾ, ਇਹ ਮੇਰਾ ਕੰਮ ਸੀ। ਰੋਟੀ ਕਮਾਉਣ ਦਾ ਮੈਨੂੰ ਕੋਈ ਫ਼ਿਕਰ ਨਹੀਂ ਸੀ ॥੧੦੧॥

ਹਮੂ ਰਾਸ ਦਾਦਾ ਵ ਰਫ਼ਤੇਮ ਮਾ।
ਅਜ਼ੀਂ ਰਾਹਿ ਗੰਗਾ ਗ੍ਰਿਫ਼ਤੇਮ ਮਾ ॥੧੦੨॥

ਉਹ ਪੂੰਜੀ ਦੇ ਕੇ (ਖ਼ਾਲੀ ਹੱਥ ਹੋ ਕੇ) ਅਸੀਂ ਤੁਰ ਪਏ। ਇਸ ਲਈ ਅਸੀਂ ਗੰਗਾ ਦੇ ਰਾਹ ਪੈ ਗਏ ॥੧੦੨॥

ਗੁਰੂ ਜੀ ਸੁਖ਼ਨ ਕਰਦਾ ਸਦ ਪੇਚੋ ਤਾਬ।
ਹਮਾ ਵਕਤ ਸਦ ਬਰ ਬਰਹਮਨ ਅਤਾਬ ॥੧੦੩॥

ਗੁਰੂ ਜੀ ਨੇ ਬਹੁਤ ਨਾਰਾਜ਼ ਹੋ ਕੇ ਬਚਨ ਕੀਤਾ (ਤੇ) ਉਸ ਵੇਲੇ ਬ੍ਰਾਹਮਣ ਤੇ ਵੀ ਬੜਾ ਰੋਹ ਪ੍ਰਗਟ ਕੀਤਾ ॥੧੦੩॥

ਬਦਾਂ ਰਾ ਮਦਿਹ ਬੰਦ-ਵਾ ਸਤਗੁਰੂ।
ਬ-ਸਿੱਖਾਂ ਇਨਾਇਤ ਬਿਅਫ਼ਜ਼ਾਦਿ ਊ। ੧੦੪॥

ਭੈੜਿਆਂ ਨੂੰ ਕੁਝ ਨਾ ਦਿਉ। ਬੰਦੀ-ਛੋੜ ਸਤਿਗੁਰੂ ਹੈ। ਸਿੱਖਾਂ ਤੇ ਉਸ ਦੀ ਕਿਰਪਾ ਹੈ ॥੧੦੪॥

ਗੁਰੂ ਦਸਤਿ ਆਂ ਰਾ ਗ੍ਰਿਫ਼ਤਾ ਚੁਨਾਂ।
ਬ-ਬੀਂ ਵਾ ਲਦੇ ਖੇਸ਼ ਰਾ ਦਰ ਜਿਨਾਂ ॥੧੦੫॥

Sri Satguru Jagjit Singh Ji eLibrary NamdhariElibrary@gmail.com

ਗੁਰੂ ਜੀ ਨੇ ਉਸ ਦਾ ਹੱਥ ਇਸ ਤਰ੍ਹਾਂ ਫੜਿਆ (ਤੇ ਆਖਿਆ) : ਆਪਣੇ ਪਿਤਾ ਨੂੰ ਸੁਰਗ ਵਿਚ ਦੇਖ ਲੈ ॥੧੦੫॥

ਕਿ ਮਾਂਦਾ ਗੁਰੂ ਵਾਲਦਿਸ਼ ਦਰ ਬਹਿਸ਼ਤ।
ਹਮਾਂ ਚਾਰਪਾਈ ਵ ਆਂ ਖ਼ੁਸ਼ ਸਿਸ਼ਤ ॥੧੦੬॥

ਕਿ ਗੁਰੂ ਨੇ ਉਸ ਦੇ ਪਿਤਾ ਨੂੰ ਸੁਰਗ ਵਿਚ ਰਖਿਆ ਹੈ। ਉਹੋ ਮੰਜੀ ਹੈ ਤੇ ਉਹੋ ਸੁਭਾਗਾ ਮਨੁੱਖ ਹੈ ॥੧੦੬॥

ਬ-ਦੀਦਾਰਿ ਫ਼ਰਜ਼ੰਦ ਗਰਦੀਦ ਸ਼ਾਦ।
ਬਗੁਫ਼ਤਾ ਕੁ ਬੁਰਦ ਅਸਤ ਐ ਖ਼ੁਸ਼ ਨਿਹਾਦ ॥੧੦੭॥

ਉਹ (ਸੁਰਗਵਾਸੀ) ਆਪਣੇ ਪੁੱਤਰ ਨੂੰ ਦੇਖ ਕੇ ਪ੍ਰਸੰਨ ਹੋਇਆ ਤੇ ਆਖਿਆ ਕਿ, ਭਲੇ ਲੋਕਾ ! ਤੈਨੂੰ ਕੌਣ ਇਥੇ ਲਿਆਇਆ ਹੈ ? ॥੧੦੭॥

ਸੁਖ਼ਨ ਗੁਫ਼ਤ ਐ ਨੇਕ ਬਖ਼ਤੇ ਜਹਾਂ।
ਕਿ ਨਾਮੇ ਗੁਰ ਦਾਰ ਦਰ ਦਿਲ ਚੂੰ ਜਾਂ ॥੧੦੮॥

ਉਸਨੇ ਕਿਹਾ : ਹੇ ਦੁਨੀਆਂ ਦੇ ਸਭ ਤੋਂ ਸੁਭਾਗੇ ਮਨੁੱਖ, ਗੁਰੂ ਜੀ ਦਾ ਨਾਮ ਆਪਣੇ ਹਿਰਦੇ ਵਿਚ ਜਾਨ ਦੀ ਤਰਾਂ ਚੇਤੇ ਰੱਖ ॥੧੦੮॥

ਬ-ਲੁਤਫ਼ੇ ਗੁਰੂ ਬਖ਼ਸ਼ਿਸ਼ੇ ਯਾਫ਼ਤੰਦ।
ਫ਼ਰਾਮੋਸ਼ ਕਰਦਾ ਗੁਰੂ ਸਦ ਸਿਤਮ ॥੧੦੯॥

ਗੁਰੂ ਜੀ ਦੀ ਕ੍ਰਿਪਾ ਨਾਲ ਬਖ਼ਸ਼ਿਸ਼ ਹੋਈ। ਗੁਰੂ ਤੋਂ ਭੁਲਿਆਂ ਨੂੰ ਸੈਂਕੜੇ ਬਿਪਤਾ ਵਾਪਰਦੀਆਂ ਹਨ ॥੧੦੯॥

ਸ਼ੁਨੀਦਾ ਸੁਖ਼ਨ ਰਫ਼ਤ ਕਰਤਾਰ ਪੂਰ।
ਚੁਨੀਂ ਅਰਜ਼ ਕਰਦਾ ਬ-ਪੀਸ਼ੇ ਹਜ਼ੂਰ ॥੧੧੦॥

ਇਹ ਗੱਲ ਸੁਣ ਕੇ ਉਹ ਕਰਤਾਰਪੁਰ ਗਿਆ ਤੇ ਹਜ਼ੂਰੀ ਵਿਚ ਇਉਂ ਬੇਨਤੀ ਕੀਤੀ ॥੧੧੦॥

ਕਰਾਮਾਤਿ-ਊ ਬਰ ਤੋ ਬਾਸ਼ਦ ਇਯਾਂ।
ਚੂ ਗਰਦੀਦ ਬਰ ਅਹਲਿ ਦੁਨੀਆ ਨਿਹਾਂ ॥੧੧੧॥

ਉਸ (ਵਾਹਿਗੁਰੂ) ਦੀ ਕਰਾਮਾਤ (ਵਡਿਆਈ) ਤੇਰੇ ਤੇ ਜ਼ਾਹਰ ਹੋ ਗਈ ਹੈ ਜੇਹੜੀ ਕਿ ਸਾਰੇ ਦੁਨੀਆਦਾਰਾਂ ਤੋਂ ਲੁਕੀ ਰਹੀ ਹੈ ॥੧੧੧॥

ਗੁਰੂ ਗੁਫ਼ਤ ਐ ਸਿਖਿ ਦਿਲ ਬਾਸਫ਼ਾ।
ਜ਼ ਗੰਗਾ ਮਰਾ ਆਬਿ ਗੰਗਾ ਬਿਆ ॥੧੧੨॥

Sri Satguru Jagjit Singh Ji eLibrary NamdhariElibrary@gmail.com

ਗੁਰੂ ਜੀ ਨੇ ਫਰਮਾਇਆ ਕਿ ਹੇ ਨਿਰਮਲ-ਚਿੱਤ ਸਿੱਖ : ਗੰਗਾ ਤੋਂ ਮੇਰੇ ਲਈ ਗੰਗਾ-ਜਲ ਲਿਆਓ ॥੧੧੨॥

ਵ ਆਂ ਕੂਜ਼ਾਏ ਮਾ ਪੁਰ ਅਜ਼ ਆਬ ਕੁਨ।
ਵ ਲੇਕਨ ਮੁਰੱਬਜ਼ ਪੁਰ ਅਜ਼ ਆਬ ਕੁਨ ॥੧੧੩॥

ਸਾਡੇ ਉਸ ਭਾਂਡੇ ਨੂੰ ਪਾਣੀ ਨਾਲ ਭਰੀਂ, ਅਤੇ ਕੁਮੰਡਲ ਭੀ ਪਾਣੀ ਨਾਲ ਭਰ ਲਈਂ ॥੧੧੩॥

ਬ-ਗੰਗਾ ਚੂੰ ਆਂ ਜਿਸਮ ਸ਼ੋਈਦਾ ਬੂਦ।
ਜ਼ ਬਸ ਗੁਮ ਸੁਦਾ ਕੂਜ਼ਾ ਜੋਈਦਾ ਬੂਦ ॥੧੧੪॥

ਜਦੋਂ ਗੰਗਾ ਵਿਚ ਉਸ ਸਿੱਖ ਨੇ ਪਿੰਡੇ ਅਸ਼ਨਾਨ ਕੀਤਾ ਸੀ, ਉਸ ਨੇ ਆਪਣੇ ਗੁਆਚੇ ਭਾਂਡੇ ਦੀ ਬਹੁਤ ਭਾਲ ਕੀਤੀ ॥੧੧੪॥

ਬ-ਨਾਚਾਰ ਆਂ ਸਿਖ ਬ-ਬਾਜ਼ਾਰ ਰਫ਼ਤ।
ਕਿ ਯਕ ਕੂਜ਼ਾ ਦੀਗਰ ਬ-ਕੀਮਤ ਗ੍ਰਿਫ਼ਤ ॥੧੧੫॥

ਹਾਰ ਕੇ ਉਹ ਸਿੱਖ ਬਾਜ਼ਾਰ ਗਿਆ ਤੇ ਇਕ ਹੋਰ ਭਾਂਡਾ ਮੁੱਲ ਲੈ ਆਇਆ ॥੧੧੫॥

ਨਮੂਦਾ ਪੁਰ ਅਜ਼ ਆਬਿ ਗੰਗਾ ਬ-ਫ਼ੂਰ।
ਜ਼ ਰੂਏ ਖ਼ੁਸ਼ਾਮਦ ਬ-ਕਰਤਾਰਪੂਰ ॥੧੧੬॥

ਫਿਰ ਝਟ ਉਸ ਨੇ (ਉਹ ਭਾਂਡਾ) ਗੰਗਾ-ਜਲ ਨਾਲ ਭਰ ਲਿਆ ਤੇ ਕਰਤਾਰਪੁਰ ਵਲ ਤੁਰ ਪਿਆ ॥੧੧੬॥

ਗੁਰੂ ਅਜ਼ ਕਰਾਮਾਤ ਮਾਲੂਮ ਕਰਦ।
ਹਮਹ ਹਾਲਤੇ ਕੂਜ਼ਾ ਮਫ਼ਹੂਮ ਕਰਦ ॥੧੧੭॥

ਗੁਰੂ ਜੀ ਨੇ ਅੰਤਰਯਾਮਤਾ ਨਾਲ ਪਤਾ ਲਿਆ ਤੇ ਭਾਂਡੇ ਦੀ ਸਾਰੀ ਦੀ ਸਾਰੀ ਘਟਨਾ ਜਾਣ ਲਈ ॥੧੧੭॥

ਬ-ਆਂ ਮਰਦਿ ਸਿਖ ਗੁਫ਼ਤ ਐ ਨੇਕ ਖ਼ੂ।
ਬਗੋ ਰਾਸਤੀ ਰਾ ਦਰੋਗ਼ੇ ਮਗੂ ॥੧੧੮॥

ਉਸ ਸਿੱਖ ਨੂੰ (ਗੁਰੂ ਜੀ ਨੇ) ਕਿਹਾ : ਹੇ ਭਲੇ ਲੋਕ, ਸੱਚ ਸੱਚ ਕਹਿ ਝੂਠ ਨਾ ਬੋਲੀਂ ॥ ੧੧੮ ॥

ਬਿਯਾਂ ਕਰਦ ਕੂਜ਼ਾ ਬ-ਗੰਗਾ ਬਰਫ਼ਤ।
ਗੁਰੂ ਗੁਫ਼ਤ ਅਜ਼ ਗੰਗਾ ਖ਼ਾਹਮ ਗ੍ਰਿਫ਼ਤ ॥੧੧੯॥

Sri Satguru Jagjit Singh Ji eLibrary NamdhariElibrary@gmail.com

ਸਿੱਖ ਨੇ ਦਸਿਆ ਉਹ ਭਾਂਡਾ ਤਾਂ ਗੰਗਾ ਵਿਚ ਡੁਬ ਗਿਆ ਸੀ। ਗੁਰੂ ਜੀ ਨੇ ਕਿਹਾ : ਮੈਂ ਗੰਗਾ ਤੋਂ (ਵਾਪਸ) ਲਵਾਂਗਾ ॥ ੧੧੯ ॥

ਫ਼ਰਿਸਤਾਦ ਊ ਦਰ ਸ਼ਕਰ-ਗੰਜ ਚਾਹ।
ਬਿਆ ਕੂਜ਼ਾਇ ਮਨ ਜ਼-ਗੰਗਾ ਬਜਾ ॥੧੨੦॥

ਗੁਰੂ ਜੀ ਨੇ ਉਸ ਨੂੰ ਸ਼ਕਰਗੰਜ ਖੂਹ ਤੇ ਭੇਜਿਆ, ਕਿ ਮੇਰਾ ਭਾਂਡਾ ਗੰਗਾ ਤੋਂ ਉਸੇ ਤਰ੍ਹਾਂ ਦਾ ਲਿਆ ॥ ੧੨੦ ॥

ਚੂ ਆਂ ਦੀਦ ਮੀ ਰਫ਼ਤ ਗੰਗਾ ਦਵਾਂ।
ਬਸਾ ਕੂਜ਼ਾ ਦਰ ਆਬਿ ਗੰਗਾ ਨਮਾਂ ॥੧੨੧॥

ਜਦੋਂ ਉਸ (ਸਿੱਖ) ਨੇ ਦੇਖਿਆ ਗੰਗਾ ਵਗਦੀ ਜਾ ਰਹੀ ਹੈ ਤੇ ਬਿਅੰਤ ਭਾਂਡੇ ਗੰਗਾ ਦੇ ਪਾਣੀ ਵਿਚ ਦਿੱਸਦੇ ਹਨ ॥ ੧੨੧ ॥

ਨਿਦਾ ਦਾਦ ਸੂਏ ਗੁਰੂ ਬੇ ਹਰਾਸ।
ਕਿ ਕੂਜ਼ਾ ਕੁਜਾ ਅਸਤ ਐ ਹਕ-ਸ਼ਿਨਾਸ ॥੧੨੨॥

ਉਸ ਨੇ ਨਿਡਰ ਹੋ ਕੇ ਗੁਰੂ ਜੀ ਨੂੰ ਆਵਾਜ਼ ਦਿੱਤੀ : ਸੱਚੇ ਪਾਤਸ਼ਾਹ ਭਾਂਡਾ ਕਿਥੇ ਹੈ ? ॥ ੧੨੨ ॥

ਗੁਰੂ ਗੁਫ਼ਤ ਦਰ ਕੂਜ਼ਾ-ਹਾ ਸ਼ੁਦ ਕਸੀਰ।
ਵ ਲੈਕਨ ਹਮੂੰ ਕੂਜ਼ਾਇ ਰਾ ਬਗੀਰ ॥੧੨੩॥

ਗੁਰੂ ਜੀ ਨੇ ਕਿਹਾ, 'ਅੰਦਰ ਭਾਵੇਂ ਕਈ ਭਾਂਡੇ ਹਨ, ਪਰ ਤੂੰ ਉਸੇ ਭਾਂਡੇ ਨੂੰ ਹੱਥ ਪਾਈਂ ॥ ੧੨੩ ॥

ਨਿਦਾ ਆਮਦ ਅਜ਼ ਗੰਗਾ ਕੂਜ਼ਾ ਸਿਤਾਂ।
ਬ-ਨਿਜ਼ਦੇ ਗੁਰੂ ਰਫ਼ਤ ਖ਼ੰਦਾ ਕੁਨਾਂ ॥੧੨੪॥

ਗੰਗਾ ਚੋਂ ਆਵਾਜ਼ ਆਈ : 'ਭਾਂਡਾ ਚੁਕ ਲੈ'। (ਉਹ ਸਿੱਖ) ਹੱਸਦਾ ਹੱਸਦਾ ਗੁਰੂ ਜੀ ਕੋਲ ਗਿਆ ॥ ੧੨੪ ॥

ਬਗੁਫਤਾ ਕਿ ਗੰਗਾ ਨ ਸ਼ੁਦ ਹਰਦੁਆਰ।
ਬ-ਚਾਹੇ ਸ਼ਕਰ-ਗੰਜ ਬੀਨਮ ਬਹਾਰ ॥੧੨੫॥

ਉਸ ਨੇ ਕਿਹਾ ਕਿ ਗੰਗਾ ਹਰਦਵਾਰ ਤਾਂ ਨਹੀਂ। ਮੈਂ ਉਸ ਦਾ ਨਜ਼ਾਰਾ ਸ਼ਕਰਗੰਜ ਖੂਹ ਵਿਚ ਦੇਖ ਰਿਹਾ ਹਾਂ ॥ ੧੨੫ ॥

ਗੁਰੂ ਗੁਫ਼ਤ ਐ ਸਿਖਿ ਮਾ ਕੁਨ ਖ਼ਿਤਾਬ।
ਬਰੀਂ ਚਾਹ ਬਾਸ਼ਦ ਕਿ ਗੰਗਾ ਸਵਾਬ ॥੧੨੬॥

Sri Satguru Jagjit Singh Ji eLibrary NamdhariElibrary@gmail.com

ਗੁਰੂ ਜੀ ਨੇ ਆਪਣੇ ਸਿੱਖ ਨੂੰ ਫ਼ੁਰਮਾਇਆ । ਦੱਸ (ਭਾਈ), ਪੁੰਨ ਗੀਗਾ ਜਾਣ ਵਿਚ ਹੈ ਕਿ ਇਸ ਖ਼ੂਹ ਤੇ ॥ ੧੨੬ ॥

ਚੂ ਮਨ ਹੁਕਮ ਦਾਦਮ ਬ-ਸਿਖਾਂ ਬਕੋਸ਼ ।
ਬਗੋ ਆਂ ਮਨਮ ਨੀਜ਼ ਅੰਮ੍ਰਿਤ ਬਨੋਸ਼ ॥੧੨੭॥

ਜਦ ਮੈਂ ਸਿੱਖਾਂ ਨੂੰ ਹੁਕਮ ਦਿੱਤਾ ਕਿ 'ਹਿੰਮਤ ਕਰੋ ਕਿ ਸਾਡੇ ਕੋਲੋਂ (ਆ ਕੇ ਖੰਡੇ ਦਾ) ਅੰਮ੍ਰਿਤ ਛਕੋ ॥ ੧੨੭ ॥

ਤੁਰਾ ਹਰ ਚਿਹ ਗੋਯਦ ਬਰਹਮਨ ਮਕੁਨ ।
ਅਜ਼ੀਂ ਸੁਹਬਤ ਆਲੂਦਾ ਦਾਮਨ ਮਕੁਨ ॥੧੨੮॥

ਤੈਨੂੰ ਜੋ ਕੁਝ ਭੀ ਬ੍ਰਾਹਮਣ ਆਖੇ ਤੂੰ ਉਹ ਨਾ ਕਰ । ਉਨ੍ਹਾਂ ਦੀ ਸੰਗਤ ਨਾਲ ਆਪਣਾ ਪੱਲਾ ਦਾਗੀ ਨਾ ਕਰ ॥ ੧੨੮ ॥

ਹਮੀਂ ਦਰ ਦਿਗਰ ਇਸਮਿ ਪਰਵਰਦਗਾਰ ।
ਬ-ਵਕਤੇ ਕਥਾ ਬਾਸ਼ਦ ਅਜ਼ ਢਾਡੀ ਵਾਰ ॥੧੨੯॥

ਵਾਹਿਗੁਰੂ ਦੇ ਨਾਉਂ ਲੈਣ ਦਾ ਇਕ ਢੰਗ ਇਹ ਭੀ ਹੈ ਕਿ ਕਥਾ ਵੇਲੇ ਢਾਡੀ ਵਲੋਂ ਵਾਰ ਲਾਈ ਜਾਇਆ ਕਰੇ ॥ ੧੨੯ ॥

ਜ਼ ਔਲਾਦਿ ਮਰਦਾਨਾ ਬਾਸ਼ਦ ਸ਼ਬਦ ।
ਅਜ਼ਾਂ ਬਾਦ ਦਰਬਾਰਿ ਢਾਡੀ ਰਸਦ ॥੧੩੦॥

ਮਰਦਾਨੇ ਦੀ ਸੰਤਾਨ ਸ਼ਬਦ ਗਾਵੇ ਤੇ ਪਿਛੋਂ ਢਾਡੀਆਂ ਦਾ ਦਰਬਾਰ ਲੱਗੇ। ॥ ੧੩੦ ॥

ਬ-ਹਮਰਾਹਿ ਸੁਫ਼ਰਾਇ ਪੁਰਸ਼ਾਂ ਖ਼ੁਰੇਦ ।
ਬ-ਤਿਸ਼ਨਾ ਨ ਸਾਜ਼ੇਦ ਪੁਰਸਾ ਬੁਰੇਦ ॥੧੩੧॥

ਫੇਰ ਭਲੇ ਪੁਰਖਾਂ ਨਾਲ ਪੰਗਤ ਵਿਚ ਲੰਗਰ ਛਕੋ, ਤੇ ਕਿਸੇ (ਭੁੱਖੇ) ਤਿਹਾਏ ਨੂੰ ਸਵਾਲੀ ਨਾ ਬਣਾਓ (ਅਰਥਾਤ ਕਿਸੇ ਨੂੰ ਭੁੱਖਾ–ਤਿਹਾਇਆ ਨਾ ਰਹਿਣ ਦਿਉ) ॥੧੩੧॥

ਮਕੁਨ ਦਰ ਅਮਲ ਗੁਫ਼ਤਾਏ ਬਰਹਮਨ ।
ਕਨੂੰ ਦਰ ਕੁਠਾ ਜਾਨਵਰ ਰਾ ਮਜ਼ਨ ॥੧੩੨॥

ਬ੍ਰਹਮਣ ਦੀ ਗੱਲ ਤੇ ਅਮਲ ਨਾ ਕਰੋ । ਜਾਨਵਰਾਂ ਨੂੰ ਹਲਾਲ (ਕੁੱਠਾ) ਢੰਗ ਨਾਲ ਨਾ ਮਾਰੋ ॥੧੩੨॥

Sri Satguru Jagjit Singh Ji eLibrary NamdhariElibrary@gmail.com

ਤਸੇ ਕੂ ਬ-ਫ਼ਰਮਾਨੇ ਮਨ ਆਮਿਲ ਅਸਤ ।
ਬ-ਔਲਾਦ .ਊ ਰਾ ਮੁਰਾਦੇ ਦਿਲ ਅਸਤ ॥੧੩੩॥

ਜੋ ਕੋਈ ਮੇਰੇ ਹੁਕਮ ਵਿਚ ਹੈ, ਉਸ ਦੀ ਸੰਤਾਨ - ਵਾਲੀ ਮੁਰਾਦ ਪੂਰੀ ਹੋਵੇਗੀ ॥ ੧੩੩ ॥

ਬ ਦੁਨੀਆ ਚੂੰ ਕਰਦ ਅੰਬੀਆਏ ਕਬੀਰ ।
ਗੁਰੂ ਨਾਨਕ ਆਂ ਰਾ ਚੂ ਕਰਦਾ ਵਜ਼ੀਰ ॥੧੩੪॥

ਸੰਸਾਰ ਵਿਚ ਜਦੋਂ ਵੱਡੇ ਅਵਤਾਰ ਨਬੀ ਪ੍ਰਗਟ ਕੀਤੇ ਗਏ ਤਾਂ ਗੁਰੂ ਨਾਨਕ ਨੂੰ ਉਨ੍ਹਾਂ ਦਾ ਸਰਤਾਜ ਬਣਾਇਆ ॥੧੩੪॥

ਕੁਨਦ ਜਸ਼ਨਿ ਦਰਬਾਰਿ ਇਸ਼ਰਤ ਫ਼ਰੂਜ਼ ।
ਸੁਨੋ ਵਾਰਿ ਢਾਡੀ ਪਸੇ ਨਿਸਫ਼ ਰੂਜ਼ ॥੧੩੫॥

ਜਦ ਸਿੰਘ ਖੁਸ਼ੀ ਵਧਾਉਣ ਵਾਲੇ ਸਮਾਗਮ ਕਰੇ ਤਾਂ ਦੁਪਹਿਰ ਤੋਂ ਬਾਦ ਢਾਡੀ ਦੀ ਵਾਰ ਸੁਣੇ ।੧੩੫॥

ਕਿਹ ਯਜ਼ਦਾਂ ਬ-ਮਾ ਪਾਦਸ਼ਾਹੀ ਬਦਾਦ ।
ਕਿ ਸਿੰਘਾਨਿ ਮਾ ਹਰ ਚਿ ਦਾਰੰਦ ਸ਼ਾਦ ॥੧੩੬॥

ਪ੍ਰਮਾਤਮਾਂ ਨੇ (ਸਾਨੂੰ ਲੋਕ ਪ੍ਰਲੋਕ ਦੀ) ਬਾਦਸ਼ਾਹੀ ਬਖਸ਼ੀ ਕਿ ਸਾਡੇ ਸਿੰਘ ਹਰ ਇਕ ਹਾਲਤ ਵਿਚ ਖੁਸ਼ ਰਹਿੰਦੇ ਹਨ ॥੧੩੬॥

ਸੁਵਦ ਹਮਰਹੇ ਸਿੰਘ ਢਾਡੀ ਮੁਦਾਮ ।
ਬਿਲਾ ਢਾਡੀ ਹਰਗਿਜ਼ ਨਾ ਖ਼ੁਰਦਾ ਤੁਆਮ ॥੧੩੭॥

ਢਾਡੀ ਸਦਾ ਸਿੰਘ ਦੇ ਨਾਲ ਰਹੇ । ਢਾਡੀ ਤੋਂ ਬਿਨਾਂ (ਸਿੰਘ) ਪ੍ਰਸ਼ਾਦ ਨਾਂ ਛਕੇ ।੧੩੭॥

ਗੁਰੂ ਨਾਨਕ ਅਜ਼ ਲੁਤਫ਼ ਗੁਫ਼ਤਾ ਸੁਖ਼ਨ ।
ਕਿ ਮਰਦਾਨਾ ਪੈਵਸਤ ਹਮਰਾਹਿ ਮਨ ॥੧੩੮॥

ਗੁਰੂ ਨਾਨਕ ਨੇ ਕ੍ਰਿਪਾ ਦੁਆਰਾ ਇਹ ਗੱਲ ਆਖੀ ਕਿ ਮਰਦਾਨਾ ਸਦਾ ਮੇਰੇ ਨਾਲ ਰਹੇਗਾ ॥੧੩੮॥

ਬਮਾ ਹਸਤ ਢਾਡੀਇ ਨੱਥ ਮਲ ਮੁਦਾਮ ।
ਗੁਰੂ ਨਾਨਕ ਅਫ਼ਰੋਖ਼ਤਾ ਈਂ ਕਲਾਮ ॥੧੩੯॥

ਢਾਡੀ ਨੱਥ ਮੱਲ ਸਦਾ ਸਾਡੇ ਨਾਲ ਹੈ । ਗੁਰੂ ਨਾਨਕ ਨੇ ਇਹ ਗੱਲ ਆਖਣ ਦੀ ਪ੍ਰੇਰਨਾ ਕੀਤੀ ਹੈ ॥੧੩੯॥

Sri Satguru Jagjit Singh Ji eLibrary NamdhariElibrary@gmail.com

ਹਯਾ ਅਜ਼ ਬਰਹਮਨ-ਪ੍ਰਸਤੀ ਕੁਨੰਦ।
ਕਿਹ ਈਂ ਚਾਰ ਫਰਜ਼ੰਦਿ ਮਨ ਕੁਸ਼ਤਾ ਅੰਦ ॥੧੪੦॥

ਬ੍ਰਾਹਮਣਾਂ ਦੀ ਪੂਜਾ ਤੋਂ (ਸਿੰਘ) ਸ਼ਰਮ ਕਰਨ ਕਿਉਂਕਿ ਇਨ੍ਹਾਂ ਨੇ ਸਾਡੇ ਚਾਰ ਪੁੱਤਰ* ਮਾਰੇ ਹਨ ॥੧੪੦॥

ਮਕੁਨ ਹਰ ਚਿਹ ਗੋਯੰਦ ਕਿਰਿਆ ਕਰਮ।
ਸਦਾ ਮੀ-ਦਿਹੰਦ ਸਿੰਘਿ ਮਾਰਾ ਖ਼ਸਮ॥੧੪੧॥

ਬ੍ਰਾਹਮਣ ਜੋ ਭੀ ਕਿਰਿਆ ਕਰਮ ਕਹਿੰਦੇ ਹਨ, ਨ ਕਰੋ, ਇਹ ਸਾਡੇ ਸਿੰਘਾਂ ਨੂੰ ਦੁੱਖ ਦਿੰਦੇ ਹਨ ॥੧੪੧॥

ਚੂ ਸ਼ੁਦ ਸਿੰਘ ਸਿਹ ਚੰਦ ਅੰਮ੍ਰਿਤ ਬਨਸ਼।
ਚੂ ਤੌਲੀਦ ਫ਼ਰਜ਼ੰਦ ਅੰਮ੍ਰਿਤ ਬਕੋਸ਼ ॥੧੪੨॥

ਜੋ ਸਿੰਘ ਹੋਵੇ ਤਿੰਨੇ ਸਮੇ ਅੰਮ੍ਰਿਤ ਛਕੇ। ਜੇ ਬਾਲਕ ਜਨਮੇ, ਅੰਮ੍ਰਿਤ ਲੋੜ ॥੧੪੨॥

ਬ-ਵਕਤੇ ਜਵਾਨੀ ਜ਼ ਅੰਮ੍ਰਿਤ ਤਲਾਸ਼।
ਕਿ ਅਜ਼ ਦਸਤਿ ਦੁਸ਼ਮਨ ਤੂ ਆਜਿਜ਼ ਮਬਾਸ਼। ੧੪੩॥

ਜੁਆਨੀ ਵੇਲੇ ਅੰਮ੍ਰਿਤ ਦੀ ਭਾਲ ਕਰੋ ਕਿ ਵੈਰੀ ਹੱਥੋਂ ਤੂੰ ਆਜਜ਼ ਨਾ ਹੋਵੇਂ ॥੧੪੩॥

ਦਮੇ ਮਰਗ ਅੰਮ੍ਰਿਤ ਬਵਦ ਖ਼ੁਸ਼-ਗਵਾਰ।
ਕਿ ਅਜ਼ ਅੰਮ੍ਰਿਤੇ ਮਾ ਬਸ ਆਇਦ ਦਿਦਾਰ ॥੧੪੪॥

ਅੰਤ-ਕਾਲ ਅਕਾਲ ਚਲਾਣੇ ਵੇਲੇ ਅੰਮ੍ਰਿਤ ਸੁਖਦਾਈ ਹੁੰਦਾ ਹੈ ਕਿ ਸਾਡੇ ਅੰਮ੍ਰਿਤ · ਨਾਲ ਖੁਲ੍ਹੇ ਦੀਦਾਰ ਹੁੰਦੇ ਹਨ ॥ ੧੪੪ ॥

ਗ੍ਰੋਹੇ ਸ਼ੁਦਾ ਖ਼ੈਲੇ ਸਿੰਘਾਨਿ ਮਾ।
ਬ-ਢਾਡੀ ਅਮਰਨਾਮਾ ਕਰਦਮ ਅਤਾ ॥੧੪੫॥

ਸਾਡੇ ਸਿੰਘਾਂ ਦੀ ਚੋਖੀ ਗਿਣਤੀ ਹੋ ਗਈ ਹੈ, ਢਾਡੀ ਨੂੰ ਅਸਾਂ ਅਮਰਨਾਮਾ ਬਖ਼ਸ਼ਿਆ ਹੈ ॥ ੧੪੫ ॥

---

*ਦੋ ਸਹੇੜੀ ਦੇ ਬਰਾਹਮਣ ਗੰਗੂ ਨੇ ਮੋਰਿੰਡੇ ਦੇ ਰੰਘੜਾਂ ਦੇ ਹਵਾਲੇ ਕਰ ਦਿਤੇ ਸਨ ਜੋ ਉਨ੍ਹਾਂ ਸਰਹੰਦ ਦੇ ਫੌਜਦਾਰ ਵਜ਼ੀਰ ਖਾਨ ਪਾਸ ਪਹੁੰਚਾ ਦਿੱਤੇ ਜਿਸ ਨੇ ਕਿ ਮਰਵਾ ਦਿੱਤੇ। ਦੋ ਬਰਾਹਮਣਾਂ ਦੇ ਉਕਸਾਏ ਹੋਏ ਪਹਾੜੀ ਰਾਜਿਆਂ ਵਲੋਂ ਸੱਦੀ ਹੋਈ ਮੁਗਲ ਫੌਜ ਦੇ ਹੱਲੇ ਕਾਰਣ ਆਨੰਦਪੁਰ ਛੱਡਣ ਪਿਛੋਂ ਚਮਕੌਰ ਦੀ ਲੜਾਈ ਵਿਚ ਮਾਰੇ ਗਏ ਸਨ।

Sri Satguru Jagjit Singh Ji eLibrary NamdhariElibrary@gmail.com

ਬ-ਢਾਡੀ ਬਵਦ ਜ਼ੀਨਤੇ ਬਜ਼ਮ ਰਾ।
ਅਮਰਨਾਮਾ ਅਜ਼ ਢਾਡੀ ਆਇਦ ਬਜਾ ॥੧੪੬॥

ਢਾਡੀ ਨਾਲ ਪਰ੍ਹੇ ਦੀ ਸੋਭਾ ਹੁੰਦੀ ਹੈ। ਅਮਰਨਾਮਾ ਢਾਡੀ ਲਈ ਫਬਦਾ ਹੈ। ॥ ੧੪੬ ॥

ਇਤਿ ਸ੍ਰੀ ਅਮਰਨਾਮਾ ਮੁਖਵਾਕ ਪਾਤਿਸ਼ਾਹੀ ਦਸਮ ਹੁਕਮ ਸਤਿ ਸੰਪੂਰਣੰ ॥ ੧ ॥
ਸਾਲ ੧੭੬੫ ਮਾਹ ਕਤਕ ॥ ਜਮਾ ਦਰਜ ਕੀਤਾ ਗੁਰ ਸੋਭਾ ਮੇਂ ॥

---

Sri Satguru Jagjit Singh Ji eLibrary NamdhariElibrary@gmail.com

# ਅਰਥਾਵਲੀ

### ਅ

ਅਹਿਲ–ਤ੍ਰਬੂਲ–ਰੱਬ ਦੀ ਦਰਗਾਹੇ ਪਰਵਾਣ ਹੋ ਚੁਕੇ, ਮਰਹੂਮ, ਮਰ ਚੁਕੇ ਹੋਏ ।

ਆਈਨ–ਦਸਤੂਰ, ਤਰੀਕਾ, ਕਾਇਦਾ, ਕਾਨੂੰਨ ।

ਆਸੂਦਾ–ਆਰਾਮ, ਚੈਨ, ਬੇਫ਼ਿਕਟੀ ਦੀ ਹਾਲਤ ਵਿਚ ।

ਆਤਿਫ਼ਤ–ਮਿਹਰ,ਮਿਹਰਬਾਨੀ,ਦਇਆ, ਕਿਰਪਾ ।

ਅਫ਼ਸੁਰਦਾ–ਮੁਰਝਾਇਆ ਹੋਇਆ, ਠਠੰਬਰਿਆ ਹੋਇਆ ।

ਅਲਤਾਫ਼–ਮਿਹਰਬਾਨੀਆਂ, ਕਿਰਪਾ ।

ਆਬਿਦ–ਪੂਜਾ ਕਰਨ ਵਾਲਾ, ਪੁਜਾਰੀ ।

ਅਜ਼ਮ–ਇਰਾਦਾ ।

ਅਜ਼ਮਤ–ਵਡਿਆਈ ।

ਅਰਜ਼ਦਾਸ਼ਤ–ਅਰਦਾਸ, ਬੇਨਤੀ, ਦਰਖਾਸਤ, ਅਰਜ਼ ।

ਐਲਾ–ਸਭ ਤੋਂ ਪਹਿਲਾਂ,ਸਭ ਤੋਂ ਚੰਗਾ ।

### ੲ

ਇਕਤਦਾ–ਪੈਰਵੀ ਕਰਨਾ ।

ਇਜਜ਼–ਆਜਜ਼ੀ, ਨਿਮਰਤਾ ।

ਇਯਾਂ–ਜ਼ਾਹਰ ।

### ਸ

ਸਈਦ–ਨੇਕ ।

ਸਤੂਦਾ–ਚੰਗਾ, ਸਰਾਹਿਆ ਹੋਇਆ ।

ਸਤੂਰ–ਘੋੜਾ ।

ਸੱਜਾਦਾ–ਗੱਦੀ, ਆਸਣ ।

ਸਰੀਰ–ਸ਼ਾਹੀ ਤਖਤ,ਰਾਜ ਸਿੰਘਾਸਣ ।

ਸ਼ੀਰ–ਦੁਧ ।

ਸੁਮਕ–ਪਾਤਾਲ, ਮੱਛੀ ।

ਸੁਮਾਕ–ਉੱਚਾ ਅਸਥਾਨ, ਆਕਾਸ਼. ਆਸਮਾਨ ਅੰਬਰ, ਗਗਨ ।

ਸਮਾਇਤ–ਸੁਣਨਾ ।

ਸਮਾਅ–ਸੁਣਨਾ, ਸੁਣਨ ਦੀ ਸ਼ਕਤੀ ।

### ਹ

ਹਯੱਬਰ–ਸ਼ੇਰ ।

ਹੁਮਾ–ਇਕ ਪ੍ਰਿੰਦੇ ਦਾ ਨਾਉਂ, ਜੋ ਕੇਵਲ ਹੱਡੀਆਂ ਖਾਂਦਾ ਹੈ ।

### ਕ

ਕਵੀ ਜੁੱਸਾ–ਤਕੜਾ,ਮਜ਼ਬੂਤ,ਜ਼ੋਰ ਵਾਲਾ ।

ਕੂਜ਼ਾ–ਭਾਂਡਾ, ਗੜਵੀ, ਲੋਟਾ, ਕੁੱਜਾ ।

ਕੁਦਰਤ–ਤਾਕਤ, ਕੁੱਵਤ ।

ਕੁਸ਼ਤਨ–ਮਾਰਨਾ, ਕਤਲ ਕਰਨਾ ।

ਕਸੀਰ–ਬਹੁਤ, ਜ਼ਿਆਦਾ ।

ਕੂਦਕ–ਛੋਕਰੇ, ਬੱਚੇ ।

### ਖ

ਖ਼ਸਮ–ਤਕਲੀਫ਼, ਦੁੱਖ ।

ਖ਼ਰਕਿ ਆਦਤ–ਚਮਤਕਾਰ,ਕਰਾਮਾਤ ।

ਖ਼ਰੀਫ਼, ਸਾਉਣੀ ।

ਖ਼ਾਕ ਰੂਬ–ਚੂਹੜਾ ।

Sri Satguru Jagjit Singh Ji eLibrary NamdhariElibrary@gmail.com

ਖ਼ੂਲ, ਖ਼ਵਲ, ਸ਼ਾਨਦਾਰ,ਸੋਹਣਾ,ਸੋਹਣੀ ਛਬ ਵਾਲਾ ।

## ਗ

ਗੋਸ਼ਫ਼ੰਦ—ਬੱਕਰੀ, ਭੇਡ ।

ਗਹੁਰ, ਗੌਹਰ—ਮੋਤੀ ।

ਗੂਲਿ ਬੀਆਬਾਨ—ਉਜਾੜ,ਜੰਗਲ ਵਿਚ ਰਹਿਣ ਵਾਲੇ ਦਿਓ,ਜਿੰਨ,ਭੂਤ।

## ਚ

ਚੀਰਾ ਦਸਤ—ਡਾਢਾ, ਜ਼ੋਰ ਵਾਲਾ, ਗ਼ਾਲਬ, ਮਖ਼ਤ ।

## ਜ

ਜ਼ਬੂੰ—ਬੇਚਾਰਾ, ਆਜਿਜ਼. ਭੈੜਾ ।

ਜ਼ਿਨਹਾਰ—ਪਨਾਹ, ਪਰਹੇਜ਼ ।

ਜਿਨਾਂ—ਜੱਨਤ, ਸੁਰਗ ।

ਜ਼ੀਨਹਾਰ—ਪਨਾਹ, ਪਰਹੇਜ਼ ।

ਜ਼ੀਨਤ—ਸੋਭਾ, ਇੱਜ਼ਤ, ਰੌਣਕ ।

ਜ਼ੌਜਾ,ਜੋਰੂ,ਵਿਆਹੀ ਹੋਈ ਔਰਤ,ਵਹੁਟੀ ।

## ਤ

ਤਸਖ਼ੀਰ—ਤਾਬਿਆ, ਵੱਸ ।

ਤਰਬ—ਖੁਸ਼ੀ ।

ਤਰੀਕ—ਰਸਤਾ ।

ਤੁਆਮ—ਖਾਣਾ, ਖੁਰਾਕ ।

ਤੌਕੀਰ—ਇੱਜ਼ਤ ।

## ਦ

ਦਾਰੁਲ-ਬਕਾ—ਸਦੀਵੀ ਅਸਥਾਨ ।

ਦਾਰੁਲ-ਮਹਨ, ਦੁੱਖਾਂ ਦਾ ਘਰ ।

ਦੀਨਾਰ—ਸਿਕਾ, ਢਾਈਆ (ਢਾਈ ਰੁਪਈਆਂ ਦਾ) ।

ਦੋਖ਼ਤਨ—ਸੀਣਾ ।

ਦੌਲਤ—ਇਕਬਾਲ ।

## ਨ

ਨਦਾ—ਆਵਾਜ਼ ।

ਨਫ਼ੂਰ—ਨਫ਼ਰਤ ਕਰਨ ਵਾਲਾ,ਘਿਰਣਾ ਕਰਨ ਵਾਲਾ ।

ਨਾਲੈਨ (ਚੋਬੀ)—ਖੜਾਵਾਂ ਲਕੜੀ ਦੀਆਂ, ਜੋੜਾ ਖੜਾਵਾਂ ਦਾ ।

ਨਿਹਾਂ—ਪੋਸ਼ੀਦਾ, ਲੁਕੀ ਹੋਈ ਚੀਜ਼ ।

ਨਿਦਾਂ, ਨਦਾ—ਅਵਾਜ਼ ।

ਨੁਸਰਤ—ਯਾਰੀ, ਦੋਸਤੀ, ਮਦਦ ਕਰਨਾ ।

## ਫ

ਫ਼ਰਹਤ—ਖ਼ੁਸ਼ੀ, ਮੌਜ ।

ਫ਼ਾਲ ਫਆਲ, ਕੰਮ ।

ਫ਼ਮੂਰਦ, 'ਫ਼ਰਮੂਦਾ' ਦਾ ਛੋਟਾ ਰੂਪ ।

ਫ਼ੁਗਾਂ, ਰੌਲਾ, ਚੀਕ-ਚਿਹਾੜਾ, ਕੁਰਲਾਟ, ਰੋਣ ਪਿੱਟਣ ਦਾ ਵੇਲਾ ।

## ਬ

ਬਕਾ—ਸਦਾ ਮੌਜੂਦ, ਸਦੀਵੀ ।

ਬਰਕਰਾਰ—ਅਡੋਲ ਚਿੱਤ ।

ਬਰਮਲਾ—ਸਭ ਦੇ ਸਾਮ੍ਹਣੇ, ਖੁਲ੍ਹੇ, ਪਰਤੱਖ ।

ਬਾਤਲ—ਝੂਠ ।

ਬੁਕਾ—ਰੋਣਾ ।

## ਮ

ਮਾਬੂਦ—ਪੂਜਨੀਕ ।

ਮੁਕੱਰਬ—ਨਿਕਟ ਵਰਤੀ ।

ਮਜ਼ੀਦ—ਜ਼ਿਆਦਾ ।

Sri Satguru Jagjit Singh Ji eLibrary NamdhariElibrary@gmail.com

ਮੁਰੱਬੁਜ਼–ਮੁਰਬਰ, ਮਸ਼ਕ, ਛਾਗਲ, ਕਰਮੰਡਲ, ਕੁਮੰਡਲ ।
ਮਿਜ਼ਰਾ–ਖੇਤ, ਭੋਂਇ, ਜ਼ਮੀਨ ।
ਮਿਲਕ–ਮਾਲ,ਅਸਬਾਬ, ਮਲਕੀਅਤ ।

ਯ

ਯਜ਼ਦਾਨ–ਰੱਬ, ਖ਼ੁਦਾ, ਵਾਹਿਗੁਰੂ, ਕਰਤਾਰ ।

ਰ

ਰਾਹਿਬ–ਤਿਆਗੀ, ਪੁਰੋਹਤ, ਵਿਰਕਤ ਸਾਧੂ, ਬਰਹਮਣ ।

ਲ

ਲਤੀਫ–ਸੂਖਮ, ਸਵਾਦੀ ਚੰਗਾ ।
ਲੁਤਫ਼–ਕਿਰਪਾ, ਮਿਹਰਬਾਨੀ ।

ਵ

ਵਹੂਸ਼–ਵਹਿਸ਼ੀ, ਜੰਗਲੀ, ਜਾਹਲ
ਵਿਰਦ–ਸਿਮਰਨ ।

ਗੁਰਦੁਆਰਾ ਪ੍ਰਿੰਟਿੰਗ ਪ੍ਰੈਸ, ਰਾਮਸਰ ਰੋਡ, ਅੰਮ੍ਰਿਤਸਰ । ਮਹਿੰਦਰ ਸਿੰਘ, ਗਿਆਨੀ ।

Sri Satguru Jagjit Singh Ji eLibrary NamdhariElibrary@gmail.com

# امرنامہ

## اتھ امرنامہ تت گوداوری سری مکھواک پاتشاہی ۱۰

چوں خود عاطفت کرد یزدان پاک　　زمیں برگرفت از سمک تا سماک

لبِ گوداری گُر نبرد خیمہ نُزول　　بجای کہ آسودہ اہلِ قبول

بسا گود تُرکان شور و فغاں ز　　زِسنت گو رشدہ خرقِ عادت عیاں

بہ نعلینِ چرمی و یک کوزہ شیر　　بیاراست سجادہ چوں سریر

گدا بُود آنجا یکی تندخُو　　کہ غولِ بیاباں بہ تسخیرِ اُو

دِلش بی محبت سرش پُر غرور　　کہ از عابد و حق پرستاں نفور

کہ با من چناں گفت باطل سخن　　کہ بر نصرتِ شاہ لافی مزن

بہ سال اندر آید گرہن آفتاب　　منیں با ہزاراں بہ کردم خطاب

پرستش بہ آئینِ گرو نانک است　　دریں ہیچ اندیشہ و نی شک است

سوی گوداری بندہ رفتہ و لیس　　سر بستہ اش ماند بی ہیچ کس

ہر بر من آن است فرماں پذیر　　ہمہ گوسفنداں ببندہ بہ گیر

چو شیراں چنیں حکم ما را شنید　　سوی گوسفنداں خنجر کشید

و خوشاں رواں چوں صبا آمدند　　پئی بخشش برملا آمدند

چو من کرد خیرات از ہر دو دست　　درِ خیر جز خاکم و باں بہ بست

Sri Satguru Jagjit Singh Ji eLibrary　　NamdhariElibrary@gmail.com

یکی فیله و پنج میشانِ نر — بلند و قوی جُثّه و فربه تر
و من با کسی ماده گاوان نه داد — که هرگز بدستِ دخوشاں نه داد
چون خیرات با خاکروبان سُپرد — ازاں بعد من جشنِ شفا ها نه کرد
در آں وقت یک پاس آں روز بود — سرائید ڈھاڈی سرود و سُرود
به اوقاتِ ارداس شیریں طعام — ادا کرد ره راس هنگامِ شام
کہ من بھوگِ ره راس با خود ستاد — ازاں پس به سنگھان فرماں بداد
همه غسلِ فرحت به فرحت کنید — به اسمِ گرونانک همت کنید
هُشیاراں چنیں فعل بعد از سماع — که گاواں نداده و حوشان را
به دِل داشتم حُکمِ پروردگار — نه مانندِ او دیگری زینهار
سرِ اقتدای هنوداں مدار — ز معبودِ من باشش اُمید وار
به پیشش سرِ بندگی داشتم — که زو قدرت و عظمتی یافتم
که از گوردی بنده آمد برون — همه دیده او گوسفنداں کنوں
رواں کرد آں سوئی من پنج بیر — پی کُشتنم بود هر یک شریر
بسا بر سرم داشت بیران بلا — من ایمن شده در پناهِ خُدا
هماں وقت بیراں در جنگ بست — که گشتند سِکھاں من چیره دست
سُوئی بنده رفتند بیراں زبوں — که زیں جنگِ ستگر شده غرقِ خوں
بُدو گفت بیراں که افسرده ایم — ز ستگور به دشوار جاں بُرده ایم
بسا بیر شد بر گرو جاں نثار — به همراهیش گشت غیبی سوار
نه نه سیم از یوگنی شصت و چار — ز بیران پنجاه و دو بیر بار
طریقِ گورو از گورو خواستیم — که جاں را سلامت ازیں داشتیم

Sri Satguru Jagjit Singh Ji eLibrary NamdhariElibrary@gmail.com

نندٹیراندراں بندہ آوردتاخت
گردہی ہنوداں فراہم لبساخت

گوروگوسفندانِ من کشتہ کرد
بہ سورخ گربہ چینتاں گشتہ کرد

ہنوداں سوی بندہ کردند نگاہ
وبردند فریاد خود پیشِ شاہ

ہمہ مالداران ومیر ووزیر
بہ درگاہِ سلطاں ہمقرب کثیر

بہ پیشِ شہنشاہ آواز داد
گوروکرد ماہندواں را برباد

ہمہ مستغیث وہمہ داد خواہ
ہمہ ایستادہ بحالِ تتباہ

بفریاد اظہارِ احوال کرد
شہنشاہ اندیشہ فی الحال کرد

زِ وزرای سلطاں بُدہ نندلال
شدہ ہمرہِ شاہِ والاکمال

ہمہ خیلِ ہندو لبصد بیکسی
برفتند باشاہ برگوردی

دراں وقت خوش بود باصد طرب
خیالِ گورو سوی درگاہِ رب

شہنشہ جواھرپئی نذرداد
گہر برکفِ دستِ ستگر نہاد

گہر گربہ دریا بہ پرداختہ
شہنشہ ازیں حیرتی ساختہ

بفرمود ستگر بہ سلطاں سخن
گہر نذرمی خواستت دریا زمن

شہنشہ کراماتِ ستگر شنید
شدہ دست لبستہ بہ عجزِ مزید

چوں ستگر نہ دیدہ نگاہِ بدش
نشاندہ زالطاف برمسندمس

بیاں کرد سلطان ایں ماجرا
کہ بردند ہندو لبکا برسما

چوں من گفت باشاہ انصاف کن
کہ خورشیدرا ازگربہ صاف کن

سخن گفت ہندو بہ شاہِ زماں
گربہ کرد خورشیدرا راکشاں

لبسی راز ایں کرد من خود عیاں
طعام ہمادادہ ام برہماں

منزاید کباب است ایں راغذا
ازیں گوسفنداں بہ کردم عطا

Sri Satguru Jagjit Singh Ji eLibrary NamdhariElibrary@gmail.com

هنوداں ہمہ نادم و شرمسار — سوی خانۂ خویش رفتند زار
قدمبوسئ من دراں دم شده — طلبگار لطف و ترحم شده
فرستادنش سوی پنجاب کرد — سحر پنج سنگھان آزاد مرد
چو فرمان ایزد عطا شد به من — عمل کرده از دل بدار المحن
کنم طرز گفتار چوں راستاں — رجوع شد بمن پای دل خستگاں
ازاں کودکاں حال پرساں نماند — ز استاد دانسته ناداں شدند
مرا عزم شد سوی دار البقا — قضای سلامت بدارد خدا
بمانند سنگھان من برقرار — سماعت نمائید از ڈھاڈی دار
که ڈھاڈی مرا مثل سنگھاں بود — سفرنامه این ڈھاڈی راجاں بود
به ڈھاڈی که من کرد فرماں چناں — سفرنامه در پیش سنگھاں بخواں
چوں سنگھان ڈھاڈی بدولت جهد — به ڈھاڈی ہمیں ملک و دولت رسد
به نند ٹیر آباد بد سنگھ من — به طلبید بر چار پای کفن
به نزدیک او ہیچ انساں نه بود — به من این خبر زود سنگھاں نمود
که بر چار پای بداد است جاں — بدرگاه شد بخشش او چناں
به دریا سپردیم یا سوختیم — شود ہر چه فرمان بوی دوختیم
به آں گفت من ہمچو مسکیں غریب — مکن فکر آں گشت جنت نصیب
خیالش دم واپسیں سوی من — ازیں آں شده جنتی بے سخن
عرضداشت کرده به گنگا کنید — نه اندیشه و فکر اینجا کنید
طلب کن برہمن نه اسلانش او — بخواں وار سنخص مل به ڈھاڈی بگو
شود واسم ہنداں به ورد زباں — به دریای گنگا کشند او رواں

Sri Satguru Jagjit Singh Ji eLibrary NamdhariElibrary@gmail.com

شنیدم ازین پیشتر این سخن　　گورو پنجم ارجن بگفته زمن
که کرتارپور بقم شکر گنج بود　　یکی سکھ بکالی که مسکن نمود
بسا مرد مسکین عاجز غریب　　یکی زوجه و یک ستورِ عزیز
پدر داشت پیری و دیرینه سال　　به نرگاو یک دیگری مزرعه فال
پی کاشتن رفت فصلِ خریف　　زنش رفت به آب و طعام لطیف
پدر را بحکم الهی سپرد　　که آن مرد بر چارپائی بمرد
سوی خانه چون مرد و زن آمدند　　ازین حادثه در سخن آمدند
چو نام گورو گفت مرد سعید　　مع چارپائی به جنت رسید
به پرسید آن از برهمن خطاب　　برهمن به آن مرد گفته جواب
گنهگار پدرت گذشت از جهان　　به تدبیرِ ما زود یابد امان
چنین گفت آن خستهٔ تیغِ غم　　که ارشاد باشد عملی آن کنم
به دنیا مرا عزت و توقیر باد　　نجاتِ پدر از تو دارم مراد
برهمن بدو گفت دینار آر　　بده راهبِ خویش را بی شمار
پدر را به آتش زده خاک کن　　به گنگا که خیرات بی باک کن
ز گنگا بیا زود بر روی چاه　　ترا آب نوشی نه باشد گناه
صلح کرد از زن چون آن سکھ مرد　　پدر را در آتش همه سوخت کرد
چون نرگاوِ خود مردِ سکھ بر فروخت　　مع زن سوی گنگا راهی بدوخت
همه قیمتش با برهمن سپرد　　ولی آن سه دینار با زن سپرد
نه کچھ زیورِ زن به نزدش بماند　　ز شهرِ بکاله روان شد نماند
زن و مرد کرده عبورِ بیاس　　رسیدند کرتارپور در هراس

به زن گفت این کارِ اولی کنم — زیارت به ستگر من اینجا کنم
چه خوش گفت زن گفت کارِ سعید — که بعد از زیارت به گنگا رسید
به پیشِ گورو آن نهاده نیاز — سلام و دو دسته به آن کرد باز
بسا کرد آن سکھ ثنائی گورو — گورو کرد الطاف بر آلِ او
گورو گریه کرده را پرسید حال — کجا میروی ای ستوده خصال
چو پدرم به بر چارپائی به مُرد — به همین مرا غسلِ گنگا فمُرد[ل]
زراعت زنر گاؤ این کار بود — مرا فکرِ روزی نه زنهار بود
همون را کسی داده و رفتیم ما — ازین راهِ گنگا گرفتیم ما
گورو چی سخن کرده صد پیچ و تاب — همان وقت صد بر برهمن عتاب
بدان رامده بندِ واستگورو — به سکھان عنایت به افزاد او
گورو دست آن را گرفته چنان — به بیں والدِ خویش را در جنان
که مانده گورو والدش در بهشت — همان چارپائی و آن خوش سرشت
بدیدارِ فرزند گردید شاد — بگفته که بُرد است ای خوش نهاد
سخن گفت ای نیکِ بختِ جهان — که نامِ گورو دار در دل چو جان
به لطفِ گورو بخششی یافتم — فراموش کرده گورو صد ستم
شنیده سخن رفت کرتارپور — چنیں عرض کرده به پیشِ حضور
کراماتِ او بر تو باشد عیان — چو گردید بر اہلِ دنیا نهان
گورو گفت ای سکھ دل با صفا — ز گنگا مرا آبِ گنگا بیا
و آن کوزه ما پُر از آب کن — ولیکن مربّنه پُر از آب کن
به گنگا چو آن جسم شوئیده بود — ز بس کم شده کوزه جوئیده بود

ل مخفف از فرموده

Sri Satguru Jagjit Singh Ji eLibrary NamdhariElibrary@gmail.com

به ناچار آں سکھ به بازار رفت      که یک کوزه دیگر به قیمت گرفت
نمودہ پر از آب گنگا به نور      ز روی خوشامد به گرنار پور
گورو از کرامات معلوم کرد      همه حالتِ کوزها مفهوم کرد
به آں مردِ سکھ گفت اے نیک خو      بگو راستی را دروغی مگو
بیاں کرد کوزہ به گنگا برفت      گورو گفت از گنگا خواهم گرفت
فرستاد او در شکر گنج چاه      بیا کوزهٔ من زِ گنگا بجا!
چو آں دید می رفت گنگا رواں      بسا کوزه در آبِ گنگا نهاں
ندا داد سوئی گورو بی هراس      که کوزه کجا است ای حق شناس
گورو گفت در کوزه باشد کثیر      ولیکن همول کوزئ را بگیر
ندا آمد از گنگا کوزه ستاں      به نزدِ گورو رفت خنده کناں
بگفتنه که گنگا نه شد هردوار      به چاهِ شکر گنج بینم بهار
گورو گفت ای سکھ ما کن خطاب      بریں چاه باشد که گنگا ثواب
چو من حکم دادم به سکھاں بگوش      بگو آں منم نیز امرت بنوش
تُرا هرچه گوید برهمن مکن      ازیں صحبت آلوده دامن مکن
همیں در دِگر اسمِ پروردگار      بوقتِ کنتھا باشد از ڈھاڈی دال
ز اولادِ مردانه باشد شبد      ازاں بعد دربارِ ڈھاڈی رسد
به همراه شُفرای پُرشاں خورید      به تشنه نه سازید پُرسا بُمید
مکن در عمل گفتهٔ برهمن      کنوں در گُٹھا جانور رامزن
کسی کو بفرمانِ من عامل است      به اولاد اورا مُرادِ دل است
بدُنیا چوں کرد انبیائی کبیر      گورو نانک آں را چو کرده وزیر

کند جشنِ دربار عشرت فروز ۱۳۵ شنو وارِ ڈھاڈی پسِ نصرت روز
کہ یزداں بما پادشاہی بداد کہ سنگھانِ ما ہرچہ دارند شاد
شنود ہمرہِ سنگھ ڈھاڈی مدام بلا ڈھاڈی ہرگز نہ خوردہ طعام
گورو نانک از لطف گفتہ سخن کہ مردانہ پیوست ہمراہِ من
بما ہست ڈھاڈی بہجتِ دل مدام گورو نانک افروختہ این کلام
حیا از برہمن پرستی کنند ۱۴۰ کہ این چار فرزندِ من کشتہ اند
لکن ہرچہ گوئیند ہر یا کرم سدا می دہند سنگھ ما را خصم
چو شد سنگھ سہ چند امرت بنوش چو نوشید فرزند امرت بکوش
بوقتِ جوانی ز امرت تلاش کہ از دستِ دشمن تو عاجز مباش
دمِ مرگ امرت بود خوشگوار کہ از امرت ما بس آید دِ دار
گروہی شدہ خیلی سنگھانِ ما ۱۴۵ بہ ڈھاڈی امرنامہ کردم عطا

بہ ڈھاڈی بود زینتِ بزم را
امرنامہ از ڈھاڈی آید بجا

اتی سری امرنامہ لکھیا اک پاتشاہی دسم حکمت سمپورنم
سال ۱۷۶۵ کا ۵ کتک جمع درج کیتا گورو سوبھا میں

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com